# ਸ਼ਾਤ ਸੁਧਾ ਰਸ
# (Shant Sudha Ras)



ਮੂਲ ਲੇਖਕ :

ਉਪਾਧਿਆਏ ਸ਼੍ਰੀ ਵਿਨੈ ਵਿਜੇ ਜੀ ਮਹਾਰਾਜ

ਅਨੁਵਾਦਕ :

ਪੁਰਸ਼ੋਤਮ ਜੈਨ – ਰਵਿੰਦਰ ਜੈਨ

ਪ੍ਰਕਾਸ਼ਕ :

26ਵੀ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ

ਪੁਰਾਣਾ ਬਸ ਸਟੈਂਡ, ਮਹਾਵੀਰ ਸਟਰੀਟ, ਮਾਲੇਰਕੋਟਲਾ

# ਸ਼ਾਂਤ ਸੁਤਾ ਰਸ

## ਮੰਗਲਾਚਰਣ

ਇਹ ਸੰਸਾਰ ਜਨਮ-ਮਰਨ ਰੂਪੀ ਇੱਕ ਭਿਅੰਕਰ ਜੰਗਲ ਦੀ ਤਰ੍ਹਾਂ ਹੈ। ਇਸ ਵਿੱਚ ਪੰਜ ਆਸ਼ਰਵਾਂ ਦੇ ਬੱਦਲ ਲਗਾਤਾਰ ਬਰਸ ਰਹੇ ਹਨ। ਇਸ ਜੰਗਲ ਵਿੱਚ ਭਿੰਨ-ਭਿੰਨ ਪ੍ਰਕਾਰ ਦੀਆਂ ਕਰਮ ਵੇਲਾਂ ਹਨ। ਮੋਹ ਦਾ ਡੂੰਘਾ ਹਨ੍ਹੇਰਾ ਇਸ ਜਨਮ ਮਰਨ ਰੂਪੀ ਜੰਗਲ ਵਿੱਚ ਫੈਲਿਆ ਹੋਇਆ ਹੈ। ਅਜਿਹੇ ਜਨਮ-ਮਰਨ ਰੂਪੀ ਜੰਗਲ ਵਿੱਚ ਭਟਕਦੇ ਹੋਏ ਜੀਵਾਂ ਦੇ ਭਲੇ ਲਈ ਮਹਾਨ ਕਰੁਣਾ ਦੇ ਰਸ-ਸਾਗਰ, ਤੀਰਥੰਕਰ ਪ੍ਰਮਾਤਮਾ ਰਾਹੀ ਉਪਦੇਸ਼ ਰੂਪੀ ਅੰਮ੍ਰਿਤਮਈ ਮਿੱਠੀ ਬਾਣੀ ਤੁਹਾਡੀ ਰੱਖਿਆ ਕਰੇ। – (1)

ਠੀਕ ਹੈ ......... ਤੁਸੀਂ ਵਿਦਵਾਨ ਹੋ, ਸ਼ਾਸਤਰਾਂ ਦੇ ਜਾਣਕਾਰ ਹੋ, ਪਰ ਜੇ ਤੁਸੀਂ ਸ਼ੁਭ ਭਾਵਨਾ ਤੋਂ ਰਹਿਤ ਹੋ ਤਾਂ ਤੁਹਾਡੇ ਮਨ ਵਿੱਚ ਸ਼ਾਂਤ-ਸੁਧਾ (ਅੰਮ੍ਰਿਤ) ਦਾ ਸਵਾਦ ਚੱਖਣਾ ਮੁਸ਼ਕਿਲ ਹੋਵੇਗਾ। ਇਸ ਸ਼ਾਂਤ-ਸੁਧਾ ਰਸ ਤੋਂ ਬਿਨਾਂ ਮੋਹ-ਜੰਜਾਲ ਤੋਂ ਦੁਖੀ ਸੰਸਾਰ ਵਿੱਚ ਕਿਤੇ ਵੀ ਸੁੱਖ ਨਹੀਂ ਹੈ। – (2)

ਇਸ ਲਈ ਜੋ ਸਮਝਦਾਰ ਮਨੁੱਖਾਂ, ਜੇ ਤੁਹਾਡਾ ਚਿੱਤ ਜਨਮ-ਮਰਨ ਦੀ ਥਕਾਨ ਤੋਂ ਘਬਰਾਇਆ ਹੋਇਆ ਹੈ, ਅਤੇ ਅਨੰਤ ਸੁੱਖ ਵਾਲੇ ਮੋਕਸ਼ ਨੂੰ ਪ੍ਰਾਪਤ ਕਰਨ ਦੇ ਲਈ ਤਿਆਰ ਹੋਇਆ ਹੈ, ਜੋ ਸ਼ੁਭ ਭਾਵਨਾ ਦੇ ਸੁਧਾ-ਰਸ ਦੇ ਝਲਕਦੇ ਹੋਏ ਇਸ **ਸ਼ਾਂਤ-ਸੁਧਾ ਰਸ** ਗ੍ਰੰਥ ਨੂੰ ਇੱਕ ਚਿੱਤ ਹੋ ਕੇ ਸੁਣੋ। – (3)

ਹੇ, ਪਵਿੱਤਰ ਮਨ ਵਾਲੇ ਵਿਦਵਾਨ – ਸੁਣਨ ਨਾਲ ਹੀ ਅੰਤਕਰਨ ਨੂੰ ਪਵਿੱਤਰ ਕਰਨ ਵਾਲੀਆਂ ਇਨ੍ਹਾਂ 12 ਅਤੇ 4 ਕੁੱਲ 16 ਭਾਵਨਾ ਨੂੰ ਤੁਸੀਂ ਚਿੱਤ ਵਿੱਚ ਧਾਰਨ ਕਰੋ। ਦੱਬੀ ਹੋਈ ਸਮਤਾ ਦੀ ਵੇਲ ਫਿਰ ਫੁੱਟੇਗੀ ਤੇ ਮੋਹ ਦਾ ਪਰਦਾ ਦੂਰ ਹੋਵੇਗਾ। – (4)

ਆਰਤ ਧਿਆਨ ਅਤੇ ਰੋਦਰ ਧਿਆਨ (ਅਸ਼ੁੱਭ ਧਿਆਨ) ਦੇ ਭਿਅੰਕਰ ਵਿਚਾਰ ਅੱਗ ਦੀ ਤਰ੍ਹਾਂ ਹਨ। ਅੰਤਾਕਰਨ ਵਿੱਚ ਵਿਵੇਕ ਦੀ ਸ਼ੋਭਾ ਸੜ ਗਈ। ਫਿਰ ਉੱਥੇ ਸਮਤਾ ਦਾ ਬੀਜ ਕਿਵੇਂ ਫੁੱਟੇਗਾ ? - (5)

ਸੱਮਿਅਕ ਗਿਆਨ ਦੇ ਅਭਿਆਸ ਤੋਂ ਉੱਨਤ ਬਣੇ ਹੋਏ ਅਤੇ ਵਿਵੇਕ ਰੂਪੀ ਅੰਮ੍ਰਿਤ ਵਰਖਾ ਤੋਂ ਮਿੱਠੇ ਬਣੇ ਹੋਏ ਅੰਤਾਕਰਨ ਵਿੱਚ ਹੀ ਇਹ ਸੁੰਦਰ ਭਾਵਨਾਵਾਂ ਰਹਿੰਦੀਆਂ ਹਨ। ਇਹ ਭਾਵਨਾਵਾਂ ਅਲੌਕਿਕ ਪ੍ਰਸ਼ਮ (ਕੇਵਲ ਗਿਆਨ) ਦਾ ਸੁੱਖ ਦੇਣ ਵਾਲੀ ਕਲਪ-ਬਿਰਖ ਦੀਆਂ ਵੇਲਾਂ ਨੂੰ ਜਨਮ ਦਿੰਦੀ ਹੈ। - (6)

**ਇਸ ਸ਼ਾਂਤ-ਸੁਧਾ ਰਸ** ਗ੍ਰੰਥ ਵਿੱਚ ਅਨਿੱਤਿਆ ਭਾਵਨਾ, ਅਸ਼ਰਣ ਭਾਵਨਾ, ਸੰਸਾਰ ਭਾਵਨਾ, ਇਕੱਤਵ ਭਾਵਨਾ, ਅਨੇਕਯਤਵ ਭਾਵਨਾ, ਅਸ਼ੁਚੀ ਭਾਵਨਾ, ਆਸ਼ਰਵ ਭਾਵਨਾ, ਸੰਬਰ ਭਾਵਨਾ, ਕਰਮ ਨਿਰਜਲਰ ਭਾਵਨਾ, ਧਰਮ ਸੁਕ੍ਰਿਤ ਭਾਵਨਾ, ਬੋਧੀ ਦੁਰਲਭ ਭਾਵਨਾ ਅਤੇ ਇਸ ਤੋਂ ਬਾਅਦ ਮੈਤਰੀ, ਪ੍ਰਮੋਦ, ਕਰੁਣਾ ਅਤੇ ਮੱਧਿਅਸਥ ਭਾਵਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਨਮ ਮਰਨ ਤੋਂ ਮੁਕਤ ਹੋਣ ਦੇ ਲਈ ਹਰ ਰੋਜ ਇਨ੍ਹਾਂ ਭਾਵਨਾਵਾਂ ਨੂੰ ਆਪਣੇ ਅੰਦਰ ਸਮਾਉਂਦੇ ਰਹੋ। - (7-8)

## 1

# ਅਨਿੱਤਯ ਭਾਵਨਾ (ਸ਼ਲੋਕ)

ਉਪਾਧਿਆਇ ਸ੍ਰੀ ਵਿਨੈ ਵਿਜੈ ਜੀ ਆਪਣੇ ਆਪ ਨੂੰ ਸੰਬੋਧਿਤ ਕਰਦੇ ਹੋਏ ਆਖਦੇ ਹਨ ਕਿ 'ਹੇ ਆਤਮਾ - ਇਹ ਤੇਰਾ ਸਰੀਰ ਅੱਜ ਭਲਾਂ ਹੀ ਸੁੰਦਰ ਹੈ, ਮਸਤ ਹੈ, ਪਰ ਧਿਆਨ ਰੱਖ ਇਹ ਸਭ ਕੁਝ ਪਾਣੀ ਦੇ ਬੁਲਬੁਲੇ ਦੀ ਤਰ੍ਹਾਂ ਕੁਝ ਸਮੇਂ ਦਾ ਮਹਿਮਾਨ ਹੈ। ਇੱਕ ਨਾ ਇੱਕ ਦਿਨ ਨਸ਼ਟ ਹੋਣ ਵਾਲਾ ਹੈ। ਅਨਿੱਤ ਹੈ ਅਤੀ ਚੰਚਲ ਜਵਾਨੀ ਵਿੱਚ ਮਸਤ ਇਹ ਸਰੀਰ ਵਿਦਵਾਨਾਂ ਦੇ ਲਈ ਅਨਕੂਲ (ਯੋਗ) ਕਿਵੇਂ ਹੋਵੇਗਾ ? ਨਹੀਂ ਹੋ ਸਕਦਾ। - (1)

ਤੂਫ਼ਾਨੀ ਹਵਾ ਦੇ ਥਪੇੜਿਆਂ ਤੋਂ ਚੰਚਲ ਹੋ ਉੱਠਣ ਵਾਲੀਆਂ ਜਲ-ਤਰੰਗਾਂ ਦੀ ਤਰ੍ਹਾਂ ਚੰਚਲ ਸਾਡੀ ਉਮਰ ਹੈ। ਰਿੱਧੀ-ਸਿੱਧੀ ਅਤੇ ਸੰਪਤੀ ਇਹ ਸਭ ਵਿਪਤਾ ਨਾਲ ਘਿਰੇ ਹੋਏ ਬੱਦਲ ਹਨ। ਸ਼ਾਮ ਦੇ ਥੋੜ੍ਹੇ ਰੰਗਾਂ ਵਾਂਗ ਜਿਵੇਂ ਪੰਜ ਇੰਦਰੀਆਂ ਦੇ ਸੁੱਖ ਹਨ, ਦੋਸਤ, ਔਰਤ, ਰਿਸ਼ਤੇਦਾਰ ਵਗੈਰਾ ਦੇ ਮਿਲਣ ਦਾ ਸੁੱਖ ਸੁਪਨੇ ਵਾਂਗ ਹੈ। ਤੁਸੀ ਦੱਸੋ, ਇਸ ਸੰਸਾਰ ਵਿੱਚ ਅਜਿਹੀ ਕਿਹੜੀ ਚੀਜ਼ ਹੈ ਜੋ ਸੱਜਣਾਂ ਦੇ ਮਨ ਨੂੰ ਖੁਸ਼ੀ ਪ੍ਰਦਾਨ ਕਰੇ ? ਸਮਝਦਾਰ ਮਨੁੱਖਾਂ ਨੂੰ ਖੁਸ਼ੀ ਪ੍ਰਦਾਨ ਕਰੇ ? - (2)

ਮੇਰੇ ਭਰਾ, ਜੋ ਪਦਾਰਥ ਸਵੇਰ ਸਮੇਂ ਚਿੱਤ ਨੂੰ ਸੁੰਦਰ, ਸੁਸ਼ੋਭਿਤ ਅਤੇ ਚਿੱਤ ਨੂੰ ਖੁਸ਼ੀ ਪ੍ਰਦਾਨ ਕਰਨ ਵਾਲੇ ਦਿਖਾਈ ਦਿੰਦੇ ਹਨ, ਅਤੇ ਪਿਆਰੇ ਲੱਗਦੇ ਹਨ, ਉਹੀ ਪਦਾਰਥ ਵੇਖਦੇ ਵੇਖਦੇ ਸ਼ਾਮ ਤੱਕ ਰਸਹੀਣ, ਫਿੱਕੇ, ਮਨ ਨੂੰ ਨਾ ਭਾਉਂਦੇ, ਤੇਜ ਰਹਿਤ ਅਤੇ ਨਾ-ਸਹਿਣਯੋਗ ਹੋ ਜਾਂਦੇ ਹਨ। ਇਹ ਸਭ ਖੁੱਲ੍ਹੀ ਨਿਗਾਹਾਂ ਤੋਂ ਵੇਖਦੇ ਹੋਏ ਵੀ ਮੇਰਾ ਮੂਰਖ ਮਨ ਸੰਸਾਰ ਦੇ ਰੰਗ-ਰਾਗ ਨੂੰ ਛੱਡ ਨਹੀਂ ਰਿਹਾ। ਇਹ ਕਿੰਨੀ ਦੁੱਖਦਾਈ ਗੱਲ ਹੈ ! - (3)

# 1

## ਅਨਿੱਤਯ ਭਾਵਨਾ (ਗੀਤ)

ਹੇ ਮੂਰਖ ਜੀਵ - ਤੂੰ ਆਪਣੇ ਮਨ ਵਿੱਚ ਪਰਿਵਾਰ ਆਦਿ ਦੇ ਬਾਰੇ ਵਿੱਚ, ਸੰਸਾਰਿਕ ਸੁੱਖਾਂ ਦੇ ਬਾਰੇ ਵਿੱਚ ਬਾਰ-ਬਾਰ ਸੋਚ ਕੇ ਕਿਉਂ ਮੋਹ ਵਿੱਚ ਫਸਿਆ ਹੋਇਆ ਹੈ। ਤੇਰਾ ਜੀਵਨ ਘਾਹ ਦੇ ਪੱਤੇ 'ਤੇ ਪਈ ਓਸ ਦੀ ਬੂੰਦ ਵਾਂਗ ਹੈ ਅਤੇ ਖ਼ਤਮ ਹੋਣ ਵਾਲਾ ਹੈ। - (1)

ਤੂੰ ਥੋੜ੍ਹਾ ਪਰਖ ਤਾਂ ਲੈ। ਵਿਸ਼ੇ-ਵਿਕਾਰਾਂ ਦੇ ਦੁੱਖ ਦਾ ਸੰਬੰਧ ਕਿੰਨਾ ਖ਼ਤਮ ਹੋਣ ਵਾਲਾ ਅਤੇ ਥੋੜ੍ਹਾ ਹੈ ? ਅੱਖ ਝਪਕਦੇ ਹੀ ਉਹ ਚਲਾ ਜਾਂਦਾ ਹੈ। ਇਸ ਸੰਸਾਰ ਦੀ ਮਾਇਆ ਬਿਜਲੀ ਦੀ ਚਮਕ ਵਾਂਗ ਹੈ। ਹੁਣ ਵੇਖੀ ਤੇ ਹੁਣੇ ਗੁੰਮ। - (2)

ਜੀਵਨ ਕੁੱਤੇ ਦੀ ਪੂੰਛ ਵਾਂਗ ਟੇਢਾ ਹੈ ਅਤੇ ਉਹ ਗੌਲਾਂ-ਗੌਲਾਂ ਵਿੱਚ ਚਲਾ ਜਾਂਦਾ ਹੈ। ਜਵਾਨੀ ਵਿੱਚ ਵਾਸਨਾ ਦੇ ਵੱਸ ਜੀਵ-ਆਤਮਾ, ਨਸ਼ਟ ਬੁੱਧੀ ਜੀਵ-ਆਤਮਾ, ਇੰਦਰੀ ਸੁੱਖਾਂ ਦੇ ਕੌੜੇ ਕਸ਼ਟਾਂ ਨੂੰ ਕਿਉਂ ਨਹੀਂ ਸਮਝਦਾ, ਇਹੋ ਹੈਰਾਨੀ ਹੈ। - (3)

ਇਸ ਸੰਸਾਰ ਵਿੱਚ ਨਾ ਜਿੱਤਣਯੋਗ ਬੁਢਾਪੇ ਤੋਂ ਸਤਹੀਣ ਅਤੇ ਕਮਜ਼ੋਰ ਸਰੀਰ ਵਾਲੇ ਜੀਵਾਂ ਦਾ ਬੇਸ਼ਰਮ ਮਨ ਕਾਮ-ਵਿਕਾਰਾਂ ਦਾ ਤਿਆਗ ਨਹੀਂ ਕਰਦਾ। ਇਹ ਕਿੰਨੀ ਸ਼ਰਮ ਦੀ ਗੱਲ ਹੈ ? - (4)

ਹੋਰ ਤਾਂ ਹੋਰ ਅਨੁਤਰ ਦੇਵ ਲੋਕ ਦੇ ਸ੍ਰੇਸ਼ਟ ਦਿਵਯ ਸੁੱਖ ਵੀ ਸਮੇਂ ਦੇ ਨਾਲ ਖ਼ਤਮ ਹੋ ਜਾਂਦੇ ਹਨ। ਫਿਰ ਭਲਾਂ ਇਸ ਸੰਸਾਰ ਵਿੱਚ ਹੋਰ ਸਥਿਰ ਕੀ ਰਹਿ ਸਕਦਾ ਹੈ ? ਜਰਾ ਸ਼ਾਂਤੀ, ਧੀਰਜ ਨਾਲ ਇਸ ਗੱਲ 'ਤੇ ਗੌਰ ਕਰ। - (5)

ਜਿਨ੍ਹਾਂ ਦੇ ਨਾਲ ਖੇਡੇ, ਜਿਨ੍ਹਾਂ ਦੇ ਨਾਲ ਪਿਆਰ ਭਰੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕੀਤੀਆਂ, ਜਿਨ੍ਹਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ, ਉਨ੍ਹਾਂ ਨੂੰ ਰਾਖ ਹੁੰਦਾ ਵੇਖ ਕੇ ਵੀ ਅਸੀ ਨਿਸਚਿੰਤ ਹੋ ਕੇ ਜੀਊਂਦੇ ਰਹੇ ਹਾਂ। ਸਾਡੀ ਇਸ ਲਾਪਰਵਾਹੀ 'ਤੇ ਲਾਹਨਤ ਹੈ। - (੬)

ਸਮੁੰਦਰ ਦੀਆਂ ਤਰੰਗਾਂ ਦੀ ਤਰ੍ਹਾਂ ਸਾਰੇ ਜਾਨਦਾਰ, ਬੇਜਾਨਦਾਰ ਪਦਾਰਥ ਪੈਦਾ ਹੁੰਦੇ ਹਨ ਅਤੇ ਨਸ਼ਟ ਹੁੰਦੇ ਹਨ। ਜਾਦੂਗਰ ਦੇ ਮਾਇਆ-ਜਾਲ ਵਾਂਗ ਰਿਸ਼ਤੇਦਾਰਾਂ ਦਾ ਸਬੰਧ ਅਤੇ ਸੰਪਤੀ ਦਾ ਸੰਜੋਗ ਮਿਲਿਆ ਹੈ। ਉਸ ਵਿਚ ਮੂਰਖ ਜੀਵ ਉਲਝ ਜਾਂਦਾ ਹੈ। - (੭)

ਹੈਰਾਨੀ ਦੀ ਗੱਲ ਹੈ - ਬਲ-ਅਤੋਲ ਸੰਸਾਰ ਨੂੰ ਹਮੇਸ਼ਾ ਆਪਣਾ ਸ਼ਿਕਾਰ ਬਣਾਉਂਦਾ ਹੋਇਆ ਕਾਲ ਕਦੇ ਵੀ ਨਹੀਂ ਰੱਜਦਾ। ਮੋਹ ਦੇ ਤਿੱਖੇ ਧੱਜਿਆਂ ਵਿਚ ਜਕੜੇ ਹੋਏ ਜੀਵ ਦੀ ਮੁਕਤੀ ਸੰਭਵ ਨਹੀਂ ਹੈ। - (੮)

ਇਸ ਲਈ ਹਰ ਪਲ ਇਕ ਅਤੇ ਚਿਦਾਨੰਦ ਆਤਮਾ ਸਰੂਪ ਨੂੰ ਪਹਿਚਾਣ ਕੇ - ਮੈਂ ਆਤਮ ਸੁੱਖ ਨੂੰ ਅਨੁਭਵ ਕਰਦਾ ਹਾਂ - ਇਹ ਨਿਸ਼ਚੇ ਕਰੋ। ਗ੍ਰੰਥਕਾਰ ਆਖਦੇ ਹਨ ਕਿ ਨਵੇਂ ਪ੍ਰਸ਼ਨ ਰੂਪੀ ਅੰਮ੍ਰਿਤ ਦਾ ਪੀਣਾ ਇਸ ਜਨਮ ਦੇ ਵਿਚ ਚੰਗੇ ਪੁਰਸ਼ਾਂ ਦੇ ਲਈ ਲਗਾਤਾਰ ਸਮਾਰੋਹ ਦੀ ਤਰ੍ਹਾਂ ਹੋਵੇ। - (੯)

# 2.

# ਅਸ਼ਰਨ ਭਾਵਨਾ

ਆਪਣੀ ਵਿਸ਼ਾਲ ਸ਼ਕਤੀ ਨਾਲ ਸਾਰੀ ਪ੍ਰਿਥਵੀ ਨੂੰ ਜਿੱਤਣ ਵਾਲਾ ਚੱਕਰਵਰਤੀ ਸਮਰਾਟ ਅਤੇ ਆਪਣੀ ਤਾਕਤ ਵਿੱਚ ਮਦ-ਮਸਤ, ਅਪੂਰਵ ਖੁਸ਼ੀ ਨਾਲ ਹਰ ਪਲ, ਹਰ ਸਮੇਂ ਅਨੰਦ ਵਿੱਚ ਰਹਿਣ ਵਾਲੇ ਦੇਵ ਦੇਵਿੰਦਰ ਵੀ, ਜਦ ਉਨ੍ਹਾਂ ਉੱਪਰ ਨਿਰਦਈ ਯਮਰਾਜ ਦਾ ਹਮਲਾ ਹੁੰਦਾ ਹੈ, ਯਮਰਾਜ ਆਪਣੇ ਤਿੱਖੇ ਦੰਦਾ ਨਾਲ ਉਨ੍ਹਾਂ ਨੂੰ ਚੀਰ ਦਿੰਦਾ ਹੈ, ਤਦ ਚੱਕਰਵਰਤੀ ਅਤੇ ਦੇਵ-ਦੇਵਿੰਦ੍ਰ ਦੀਨ-ਹੀਣ ਹੋ ਕੇ ਅਸ਼ਰਨ ਦਸ਼ਾ ਵਿੱਚ ਚਾਰੇ ਪਾਸੇ ਵੇਖਦੇ ਹਨ ਕਿ ਕਿਤੇ ਕੋਈ ਉਨ੍ਹਾਂ ਨੂੰ ਬਚਾ ਲਵੇ। ਪਰ ਉਨ੍ਹਾਂ ਨੂੰ ਕੋਈ ਨਹੀਂ ਬਚਾ ਸਕਦਾ। - (1)

ਹੇ ਮਨੁੱਖ - ਹੇ ਕਮਜ਼ੋਰ ਜੰਤੂ ਜਿਹੇ ਮਨੁੱਖ - ਜਦ ਤੱਕ ਤੂੰ ਮਸਤ ਹੈਂ, ਪਾਗਲ ਹੈਂ, ਅਤੇ ਗੁਣਾਂ ਦੇ ਹੰਕਾਰ ਵਿੱਚ ਫਸਿਆ ਹੋਇਆ ਹੈ, ਜਦ ਤੱਕ ਨਾ-ਜਿੱਤਣ ਵਾਲੇ ਯਮਰਾਜ ਦੀ ਨਿਗਾਹ ਤੇਰੇ 'ਤੇ ਨਹੀਂ ਪਈ ਹੈ, ਉਹ ਮਾੜੀ ਦ੍ਰਿਸ਼ਟੀ ਤੇਰੇ ਉੱਪਰ ਇੱਕ ਵਾਰ ਪੈ ਗਈ ਤਾਂ ਤੈਨੂੰ ਕੋਈ ਨਹੀਂ ਬਚਾ ਸਕਦਾ। - (2)

ਜਦ ਆਦਮੀ ਯਮਰਾਜ ਦੇ ਸ਼ਿਕੰਜੇ ਵਿੱਚ ਫਸ ਜਾਂਦਾ ਹੈ। ਮੌਤ ਦੇ ਫੰਦੇ ਵਿੱਚ ਫਸ ਜਾਂਦਾ ਹੈ ਤਾਂ ਉਸ ਦਾ ਪੁੰਨ-ਪ੍ਰਭਾਵ ਪਾਣੀ-ਪਾਣੀ ਹੋ ਜਾਂਦਾ ਹੈ, ਉਸ ਦਾ ਪ੍ਰਕਾਸ਼ ਫਿੱਕਾ ਪੈਣ ਲੱਗਦਾ ਹੈ। ਉਸ ਦਾ ਹੌਂਸਲਾ ਅਤੇ ਕੋਸ਼ਿਸ਼ ਬੇਕਾਰ ਹੋ ਜਾਂਦੇ ਹਨ। ਤਕੜਾ ਸਰੀਰ ਗਲਨ ਲੱਗਦਾ ਹੈ ਅਤੇ ਉਸ ਦੇ ਮਿੱਤਰ-ਰਿਸ਼ਤੇਦਾਰ ਉਸ ਦੀ ਸੰਪਤੀ ਹਥਿਆਉਣ ਲਈ ਦਾਵ-ਪੇਚ ਖੇਲ੍ਹਦੇ ਹਨ। ਮੌਤ ਦੇ ਸਾਹਮਣੇ ਮਨੁੱਖ ਦੀਨ-ਹੀਨ ਹੋ ਜਾਂਦਾ ਹੈ। ਇਹੋ ਮਨੁੱਖ ਦੀ ਘਸੁਰਲ ਸਥਿਤੀ ਹੈ। - 3

# ਦੂਜੀ ਭਾਵਨਾ (ਗੀਤ)

ਭਿੰਨ-ਭਿੰਨ ਪ੍ਰਕਾਰ ਦੇ ਹਿੱਤਕਾਰੀ ਅਤੇ ਪ੍ਰੇਮ ਦੇ ਪਾਤਰ ਸੱਜਣ ਲੋਕ ਵੀ ਜਦ ਮੌਤ ਦੇ ਮਹਾਂਸਾਗਰ ਵਿੱਚ ਡੁੱਬਣ ਲੱਗਦੇ ਹਨ ਤਦ ਕੋਈ ਆਪਣਾ ਉਨ੍ਹਾਂ ਨੂੰ ਬਚਾ ਨਹੀਂ ਸਕਦਾ। ਇਸ ਲਈ ਹੇ ਆਤਮਾ, ਤੂੰ ਮੰਗਲਕਾਰੀ ਜੈਨ ਧਰਮ ਦੀ ਸ਼ਰਣ ਸਵੀਕਾਰ ਕਰ ਅਤੇ ਪਵਿੱਤਰ ਚਰਿੱਤਰ ਧਰਮ (ਸਾਧੂ ਦੇ ਮਹਾਵਰਤ ਅਤੇ ਗ੍ਰਹਿਸਥ ਦੇ ਅਣੂਵਰਤ) ਦਾ ਸਿਮਰਨ ਕਰ। ਇਹ ਧਰਮ ਹੀ ਤੈਨੂੰ ਡੁੱਬਣ ਤੋਂ ਬਚਾਵੇਗਾ। - (1)

ਜਿਵੇਂ ਮਗਰਮੱਛ ਛੋਟੀਆਂ ਮੱਛੀਆਂ ਨੂੰ ਵੇਖਦੇ ਹੀ ਫੜ ਲੈਂਦਾ ਹੈ। ਉਸੇ ਪ੍ਰਕਾਰ ਯਮਰਾਜ, ਘੋੜੇ, ਰਥ, ਹਾਥੀ ਅਤੇ ਪੈਦਲ ਸੈਨਾ ਨਾਲ ਸਜੇ ਅਤੇ ਸ਼ਕਤੀ ਵਾਲੇ ਰਾਜਿਆਂ ਨੂੰ ਆਪਣੇ ਜਾਲ ਵਿੱਚ ਫਸਾ ਲੈਂਦਾ ਹੈ। ਫਿਰ ਉਹ ਰਾਜੇ ਯਮਰਾਜ ਦੇ ਸਾਹਮਣੇ ਕਿੰਨਾ ਵੀ ਗਿੜਗਿੜਾਉਣ ਅਤੇ ਮਿੰਨਤ ਕਰਦੇ ਰਹਿਣ। - (2)

ਮਹਾਂਕਾਲ ਦੇ ਕਾਤਲ ਪੰਜਿਆਂ ਤੋਂ ਬਚਣ ਦੇ ਲਈ ਜੋ ਕੋਈ ਪੱਥਰ ਦੇ ਘਰ ਵਿੱਚ ਛਿਪ ਜਾਂਦਾ ਹੈ ਜਾਂ ਮੂੰਹ ਵਿੱਚ ਤਿਨਕਾ ਦਬਾ ਕੇ ਉਸ ਮਹਾਂਕਾਲ ਦੇ ਸਾਹਮਣੇ ਰਹਿਮ ਦੀ ਭਿੱਖ ਮੰਗਦਾ ਹੈ, ਫਿਰ ਵੀ ਉਹ ਨਿਰਦਈ ਕਾਲ ਕਿਸੇ ਨੂੰ ਨਹੀਂ ਛੱਡਦਾ। - (3)

ਠੀਕ ਹੈ, ਦੇਵਤਿਆਂ ਨੂੰ ਖੁਸ਼ ਕਰਨ ਵਾਲੇ ਮੰਤਰ ਜਪਦੇ ਰਹੋ। ਵਿਦਿਆਵਾਂ ਪੜ੍ਹ ਲਵੋ ਜਾਂ ਦਵਾਈਆਂ ਦੀ ਅਜ਼ਮਾਇਸ਼ ਕਰ ਲਵੋ। ਸਰੀਰ ਨੂੰ ਮੋਟਾ-ਤਾਜ਼ਾ ਬਣਾ ਕੇ ਰੱਖਣ ਦੇ ਲਈ ਰਸਾਇਣਾਂ ਦਾ ਸੇਵਨ ਕਰਦੇ ਰਹੋ ਪਰ ਯਾਦ ਰੱਖੋ ਕਿ ਮੌਤ ਦੀ ਨਜ਼ਰ ਤੋਂ ਬਚਣਾ ਮੁਮਕਿਨ ਨਹੀਂ। - (4)

ਠੀਕ ਹੈ, ਥੋੜੇ ਸਮੇਂ ਦੇ ਲਈ ਪ੍ਰਾਣਾਯਾਮ ਦੇ ਰਾਹੀਂ ਸਾਹ ਨੂੰ ਰੋਕ ਲਿਆ, ਬੰਨ੍ਹ ਲਿਆ, ਸਮੁੰਦਰ ਦੇ ਉਸ ਪਾਰ ਜਾ ਕੇ ਵਸ ਜਾਵੇ, ਪਹਾੜ

ਦੀਆਂ ਚੋਟੀਆਂ 'ਤੇ ਆਪਣਾ ਅੱਡਾ ਬਣਾ ਲਵੇ। ਪਰ ਇੱਕ ਦਿਨ ਤੁਹਾਡਾ ਇਹ ਦੇਹ ਪਿੰਜਰ ਕਮਜ਼ੋਰ ਹੋ ਕੇ ਹੀ ਰਹੇਗਾ। - (5)

ਕਾਲੇ-ਕਾਲੇ ਬੱਦਲ, ਕਾਲੇ ਅਤੇ ਵਿਸ਼ਾਲ ਸੁੰਦਰ ਵਾਲਾਂ ਨਾਲ ਭਰੇ ਹੋਏ ਮੱਥੇ ਨੂੰ ਸੁੰਦਰ ਬਣਾ ਦੇਣ ਵਾਲੇ ਅਤੇ ਖੂਬਸੂਰਤ ਸਰੀਰ ਨੂੰ ਖੁਸ਼ਕ ਤੇ ਸੁਸਤ ਬਣਾ ਦੇਣ ਵਾਲਾ ਬੁਢਾਪੇ ਨੂੰ ਰੋਕਣ ਵਿੱਚ ਕੌਣ ਸਮਰੱਥ ਹੈ ? ਕੋਈ ਨਹੀ। -(6)

ਜਦ ਇਸ ਮਨੁੱਖੀ ਦੇਹ ਵਿੱਚ ਰੋਗ ਨਾ ਠੀਕ ਹੋਣ ਵਾਲੇ ਰੋਗ ਵਿਖਾਈ ਦਿੰਦੇ ਹਨ ਤਦ ਫਿਰ ਇਸ ਨੂੰ ਕੌਣ ਬਚਾ ਸਕਦਾ ਹੈ ? ਕੋਈ ਨਹੀ। ਰਾਹੂ ਦੀ ਪੀੜ ਨੂੰ ਵਿਚਾਰਾ ਚੰਦਰਮਾ ਹੀ ਇਕੱਲਾ ਸਹਿਣ ਕਰਦਾ ਹੈ। ਤੁਹਾਡੀ ਪੀੜ ਤੁਹਾਨੂੰ ਹੀ ਚੱਕਣੀ ਪਵੇਗੀ। ਹੋਰ ਕੋਈ ਹਿੱਸਾ ਵਟਾਉਣ ਤੋਂ ਰਿਹਾ। - (7)

ਬੱਸ, ਹੁਣ ਤਰ੍ਹਾਂ ਜਰਾ ਸੋਚ ਸਮਝ ਕੇ ਹੇ ਆਤਮਾ ! ਦਾਨ ਸ਼ੀਲ ਤਪ ਭਾਵ ਰੂਪੀ ਚਾਰ ਪ੍ਰਕਾਰ ਦੇ ਧਰਮ ਦੀ ਸ਼ਰਣ ਵਿੱਚ ਚਲਾ ਜਾ। ਮੋਹ ਮਾਇਆ ਅਤੇ ਲਗਾਵ ਨੂੰ ਛੱਡ ਦੇ ਅਤੇ ਇਸ ਤਰ੍ਹਾਂ ਮੁਕਤੀ ਸੁੱਖ ਦੇ ਨਾ ਖ਼ਤਮ ਹੋਣ ਵਾਲੇ ਸ਼ਾਂਤ-ਸੁਧਾ ਰਸ ਦਾ ਸਵਾਦ ਚੱਖਿਆ ਕਰ। - (8)

# 3.

## ਸੰਸਾਰ ਭਾਵਨਾ (ਸ਼ਲੋਕ)

ਇਹ ਸੰਸਾਰ ਜਨਮ ਮਰਨ ਰੂਪੀ ਭਿਆਨਕ ਜੰਗਲ ਹੈ। ਜਿਸ ਵਿੱਚ ਹਨ੍ਹੇਰਾ ਪਸਰਿਆ ਹੋਇਆ ਹੈ। ਇਸ ਜੰਗਲ ਦੇ ਵਿੱਚ ਲੋਭ ਦੀ ਅੱਗ ਭੜਕ ਰਹੀ ਹੈ। ਜਿਸ ਨੂੰ ਬੁਝਾਉਣਾ ਅਸੰਭਵ ਹੈ। ਲਾਭ ਪ੍ਰਾਪਤੀ ਦੀਆਂ ਲੱਕੜੀਆਂ ਨਾਲ ਲੋਭ ਦੀ ਅੱਗ ਹੋਰ ਜ਼ਿਆਦਾ ਤੇਜ਼ ਹੋ ਰਹੀ ਹੈ। ਇੱਧਰ ਮ੍ਰਿਗ ਤ੍ਰਿਸਨਾ ਜਿਹੀ ਵਿਸ਼ਿਆਂ ਦੀ ਇੱਛਾ ਜੀਵਾਂ ਨੂੰ ਹੋਰ ਕਸ਼ਟ ਦੇ ਰਹੀ ਹੈ। ਅਜਿਹੇ ਭਿਅੰਕਰ ਜਨਮ ਮਰਨ ਰੂਪੀ ਜੰਗਲ ਵਿੱਚ ਨਿਸ਼ਚਿੰਤ ਹੋ ਕੇ ਅਰਾਮ ਨਾਲ ਕਿਵੇਂ ਰਿਹਾ ਜਾ ਸਕਦਾ ਹੈ ? - (1)

ਇਸ ਸੰਸਾਰ ਵਿੱਚ ਮਨੁੱਖ ਦੀ ਇੱਕ ਚਿੰਤਾ ਦੂਰ ਹੁੰਦੀ ਹੈ, ਉੱਥੇ ਉਸ ਨਾਲੋਂ ਵੱਧ-ਚੜ੍ਹ ਕੇ ਦੂਸਰੀ ਚਿੰਤਾ ਪੈਦਾ ਹੋ ਜਾਂਦੀ ਹੈ। ਮਨ, ਵਚਨ ਅਤੇ ਸਰੀਰ ਤੋਂ ਲਗਾਤਾਰ ਵਿਕਾਰ ਪੈਦਾ ਹੁੰਦੇ ਹਨ। ਤਮੋ ਗੁਣ ਅਤੇ ਰਜੋ ਗੁਣ ਦੇ ਪ੍ਰਭਾਵ ਨਾਲ ਕਦਮ-ਕਦਮ 'ਤੇ ਸੰਕਟਾਂ ਦੇ ਟੋਏ ਵਿੱਚ ਗਿਰਦੇ ਜੀਵਾਂ ਦਾ ਅੰਤ ਕਿਸ ਤਰ੍ਹਾਂ ਹੋਵੇਗਾ ? - (2)

ਮਾਤਾ ਦੇ ਅਸ਼ੁੱਧ ਪੇਟ ਵਿੱਚ ਆ ਕੇ ਨੌ-ਨੌ ਮਹੀਨੇ ਤੱਕ ਕਸ਼ਟ ਸਹਿਣ ਕੀਤੇ। ਇਸ ਤੋਂ ਬਾਅਦ ਜਨਮ ਦੀ ਪੀੜਾ ਸਹੀ। ਬੜੇ ਕਸ਼ਟਾਂ ਨੂੰ ਸਹਿੰਦੇ ਹੋਏ ਥੋੜ੍ਹੇ ਅਤੇ ਕਾਲਪਨਿਕ ਸੁੱਖ ਮਿਲਣ 'ਤੇ ਲੱਗਿਆ ਕਿ ਚਲੋ ਦੁੱਖਾਂ ਤੋਂ ਛੁਟਕਾਰਾ ਹੋ ਗਿਆ। ਇੰਨੇ ਵਿੱਚ ਤਾਂ ਮੌਤ ਦਾ ਫਰਿਸ਼ਤਾ ਬੁਢਾਪਾ, ਬਿਮਾਰੀ ਲੈ ਕੇ ਆ ਗਿਆ ਅਤੇ ਸਰੀਰ ਬੇਕਾਰ ਹੋ ਜਾਂਦਾ ਹੈ। ਕੀਮਤੀ ਮਨੁੱਖ ਜੀਵਨ ਕੌਡੀ ਦੇ ਮੁੱਲ ਵਿਕ ਕੇ ਵਿਅੱਰਥ ਬੇਕਾਰ ਹੋ ਜਾਂਦਾ ਹੈ। - (3)

ਇਹ ਵਿਚਾਰਾ ਜੀਵ - ਹੋਣੀ ਤੋਂ ਪ੍ਰੇਰਿਤ, ਭਾਰੀ ਕਰਮਾਂ ਦੀ ਰੱਸੀ ਨਾਲ ਬੰਨਿਆ ਹੋਇਆ ਹੈ ਅਤੇ ਮੌਤ ਰੂਪੀ ਬਘੁੰਗੜੇ ਦੇ ਕੋਲ ਰਹਿੰਦਾ

ਹੋਇਆ ਦਿਸ਼ਾ ਰਹਿਤ ਹੋ ਕੇ ਭਟਕ ਰਿਆ ਹੈ। ਪਿੰਜਰੇ ਵਿੱਚ ਕੈਦ ਪੰਛੀ ਦੀ ਤਰ੍ਹਾਂ ਸਰੀਰ ਦੇ ਪਿੰਜਰੇ ਦੀ ਕੈਦ ਵਿੱਚ ਜੀਵ ਆਤਮਾ ਇਸ ਸੰਸਾਰ ਵਿੱਚ ਭ੍ਰਮਣ ਕਰਦਾ ਹੈ। - (4)

ਇਹ ਜੀਵ ਆਤਮਾ, ਸੰਸਾਰ ਦੀਆਂ ਚਾਰ ਗਤੀਆਂ ਅਤੇ ਚੌਰਾਸੀ ਲੱਗ ਜੂਨੀਆਂ ਵਿੱਚ ਭਟਕਦਾ ਹੋਇਆ ਅਨੇਕਾਂ ਦੇਹਾਂ ਨੂੰ ਧਾਰਨ ਕਰਦਾ ਹੈ। ਅਨੰਤ-ਪੁਦਗਲ-ਪ੍ਰਾਵਰਤਕਾਲ (ਅਨਾਦਿ ਜਨਮ ਮਰਨ) ਵਿੱਚ ਅਨੰਤ ਬਾਰ ਭ੍ਰਮਣ ਕਰਦਾ ਹੈ। - (5)

## ਤੀਜੀ ਭਾਵਨਾ (ਗੀਤ)

ਹੇ ਜੀਵ - ਮੋਹ ਦੁਸ਼ਮਣ ਨੇ ਤੈਨੂੰ ਗਲ ਤੋਂ ਫੜ ਕੇ ਕਦਮ-ਕਦਮ 'ਤੇ ਸਤਾਇਆ ਹੈ। ਤੂੰ ਇਸ ਸੰਸਾਰ ਨੂੰ ਜਨਮ-ਮੌਤ ਤੋਂ ਦਰ ਤੋਂ ਘਿਰਿਆ ਹੋਇਆ ਸਮਝ ਅਤੇ ਉਸ ਨੂੰ ਡਰਾਵਣਾ ਮੰਨ। - (1)

ਹੇ ਮੂਰਖ ਜੀਵ, ਆਪਣੇ, ਪਰਾਏ ਅਤੇ ਰਿਸ਼ਤੇਦਾਰਾਂ ਦੇ ਨਾਲ ਤੇਰੇ ਮਿੱਠੇ ਸਬੰਧਾਂ ਦੇ ਬੰਧਨ ਫ਼ਿਜ਼ੂਲ ਹਨ। ਕਦਮ ਕਦਮ 'ਤੇ ਤੈਨੂੰ ਇਸ ਸੰਸਾਰ ਦੇ ਨਵੇਂ-ਨਵੇਂ ਹਾਲਾਤਾਂ ਦੀ ਪ੍ਰੇਸ਼ਾਨੀ ਨਹੀਂ ਉਠਾਉਣਗੀ ਪਵੇਗੀ ? ਕੀ ਪੈਰ ਪੈਰ 'ਤੇ ਤੇਰਾ ਇਹ ਜਨਮ ਖਰਾਬ ਨਹੀਂ ਹੋ ਰਿਹਾ ? ਥੋੜ੍ਹੀ ਜਿਹੀ ਸ਼ਾਂਤੀ ਨਾਲ ਸੋਚ। - (2)

ਕਦੇ ਤੂੰ ਆਪਣੀ ਧਨ ਦੌਲਤ ਦਾ ਹੰਕਾਰ ਕਰਦਾ ਹੈਂ ਤੇ ਕਦੇ ਗ਼ਰੀਬੀ ਦੇ ਚੁੰਗਲ ਵਿੱਚ ਫਸ ਕੇ ਘਬਰਾ ਜਾਂਦਾ ਹੈਂ। ਤੂੰ ਕਰਮਾਂ ਦੇ ਪਰਾਏ ਵੱਸ ਹੈਂ। ਇਸ ਲਈ ਤੂੰ ਜਨਮ-ਜਨਮ ਵਿੱਚ ਨਵੇਂ ਨਵੇਂ ਰੂਪ ਰਚਾਉਂਦਾ ਹੈਂ। ਵੱਖ ਵੱਖ ਸਵਾਂਗ ਬਣਾਉਂਦਾ ਹੈਂ। ਸੰਸਾਰ ਦੇ ਰੰਗ-ਮੰਚ 'ਤੇ ਤੂੰ ਇੱਕ ਪਾਤਰ ਹੀ ਹੈਂ। - (3)

ਕਦੇ ਤੇਰਾ ਬਚਪਨ ਦੀ ਮਸਤੀ ਹੈ। ਕਦੇ ਜਵਾਨੀ ਦੇ ਜੋਸ਼ਾਂ ਵਿੱਚ ਪਾਗਲ ਹੋ ਕੇ ਤੂੰ ਅਠਖੇਲੀਆਂ ਕਰਦਾ ਹੈਂ। ਕਦੇ ਨਾ ਜਿੱਤਣਯੋਗ ਬੁਢਾਪੇ ਨਾਲ ਤੇਰਾ ਸਰੀਰ ਖੋਖਲਾ ਹੋ ਢੈਂਹਦਾ ਹੈ ਅਤੇ ਇਸ ਤਰ੍ਹਾਂ ਅੰਤ ਵਿੱਚ ਤੂੰ ਯਮਾਂ ਦੇ ਪੰਜੇ ਵਿੱਚ ਫਸ ਜਾਂਦਾ ਹੈਂ। - (4)

ਇਸ ਸੰਸਾਰ ਵਿੱਚ, ਜਨਮ ਦੇ ਪਰਿਵਰਤਨ ਦੇ ਨਾਲ ਕੋਈ ਪੁੱਤਰ ਪਿਤਾ ਬਣਦਾ ਹੈ, ਪਿਤਾ ਪੁੱਤਰ ਦਾ ਰੂਪ ਲੈਂਦਾ ਹੈ। ਤੂੰ ਇਸ ਸੰਸਾਰ ਦੀ ਸਥਿਤੀ 'ਤੇ ਜ਼ਰਾ ਵਿਚਾਰ ਤਾਂ ਕਰ ਅਤੇ ਇਸ ਸੰਸਾਰ ਵਿੱਚ ਹੋਣ ਵਾਲੇ ਪਾਪਾਂ ਦਾ ਤਿਆਗ ਕਰ। ਹੁਣ ਵੀ ਮਨੁੱਖੀ ਦੇਹ ਰੂਪੀ ਧਨ ਤੇਰੇ ਕੋਲ ਹੈ। ਤੂੰ ਮਿਹਨਤ ਕਰ। - (5)

ਹੇ ਜੀਵ, ਤੂੰ ਜਿਸ ਸੰਸਾਰ ਵਿੱਚ ਹਰ ਰੋਜ਼ ਤਰ੍ਹਾਂ ਤਰ੍ਹਾਂ ਦੀ ਚਿੰਤਾ, ਦੁੱਖ ਅਤੇ ਬਿਮਾਰੀਆਂ ਦੀਆਂ ਚਿੰਗਾੜੀਆਂ ਵਿੱਚ ਜਲਦਾ ਹੈਂ, ਝੁਲਸਦਾ ਹੈਂ, ਇਸ ਸੰਸਾਰ ਵਿਚ ਤੂੰ ਕਿਉਂ ਫਸਿਆ ਹੋਇਆ ਹੈਂ ? ਪਰ ਤੇਰਾ ਵੀ ਦੋਸ਼ ਕੀ ਹੈ। ਮੋਹ ਰੂਪੀ ਸ਼ਰਾਬ ਤੂੰ ਕਾਫ਼ੀ ਪੀਤੀ ਹੋਈ ਹੈ। ਜਿਸ ਨਾਲ ਤੇਰੀ ਬੁੱਧੀ ਸੁੰਨ ਹੋ ਗਈ ਹੈ। ਇਹ ਬੜੇ ਅਫ਼ਸੋਸ ਦੀ ਗੱਲ ਹੈ। - (6)

ਇਹ ਕਾਲ - ਮਹਾਕਾਲ ਇੱਕ ਜਾਦੂਗਰ ਹੈ। ਇਸ ਸੰਸਾਰ ਦੇ ਜੀਵਾਂ ਨੂੰ ਸੁੱਖ ਸਮਰਿੱਧੀ ਦੱਸਦਾ ਹੈ, ਲਲਚਾਉਂਦਾ ਹੈ ਅਤੇ ਫਿਰ ਉਹ ਸਾਰੀ ਮਾਇਆ ਜਾਲ ਸਮੇਟ ਕੇ ਲੋਕਾਂ ਨੂੰ ਮਾਸੂਮ ਬੱਚੇ ਦੀ ਤਰ੍ਹਾਂ ਠੱਗਦਾ ਹੈ। ਇਹ ਸੰਸਾਰ ਇੱਕ ਇੰਦਰਜਾਲ ਦੀ ਮਾਇਆ ਤੋਂ ਇਲਾਵਾ ਕੁਝ ਨਹੀਂ। - (7)

ਹੇ ਆਤਮਾ - ਤੂੰ ਆਪਣੇ ਜਿਨ ਵਚਨਾਂ ਦਾ ਚਿੰਤਨ ਕਰੋ। ਇਹ ਜਿਨ ਵਚਨ ਹੀ ਸੰਸਾਰ ਦੇ ਸਾਰੇ ਦਰਦਾਂ ਦਾ ਨਾਸ਼ ਕਰਨਗੇ। ਸ਼ਾਂਤ ਰਸ ਅੰਮ੍ਰਿਤਪਾਨ ਕਰਕੇ ਤੂੰ ਮੁਕਤੀ ਦਾ ਯਾਤਰੀ ਬਣ ਸਕੇਂਗਾ। ਇਹ ਮੁਕਤੀ

ਸਾਰੇ ਦੁੱਖਾਂ ਦੀ ਸੰਪੂਰਨਤਾ ਨਾਲ ਨਾਸ਼ ਕਰਨ ਵਾਲੀ ਹੈ ਅਤੇ ਸ਼ਾਸ੍ਵਤ ਸੁੱਖ ਦਾ ਇੱਕ ਮਾਤਰ ਧਾਮ ਹੈ। – (8)

# 4

## ਏਕਤਵ ਭਾਵਨਾ (ਸ਼ਲੋਕ)

ਇਹ ਆਤਮਾ ਇੱਕ ਹੈ। ਇਹੋ ਪ੍ਰਭੂ ਹੈ, ਭਗਵਾਨ ਹੈ, ਗਿਆਨ ਦਰਸ਼ਨ ਦੇ ਤਰੰਗਾਂ ਵਿੱਚ ਮਸਤ ਹੈ। ਇਸ ਤੋਂ ਛੁੱਟ ਜੋ ਕੁਝ ਵੀ ਹੈ। ਉਹ ਸਭ ਮਮਤਾ ਹੀ ਹੈ। ਕਲਪਨਾ ਦਾ ਸੰਸਾਰ ਹੈ। ਇਹ ਮਮਤਾ ਦੁੱਖਾਂ ਨੂੰ ਵਧਾਉਣ ਵਾਲੀ ਹੈ। - (1)

ਹੇ ਜਨਮ ਮਰਨ ਦੀ ਲਾਲਸਾ ਵਿੱਚ ਡੁੱਬੇ ਹੋਏ ਮੂਰਖ ਅਤੇ ਅਗਿਆਨੀ ਆਦਮੀ ਇੰਦਰੀਆਂ ਤੋਂ ਪ੍ਰਾਪਤ ਪਰਾਏ ਸੁੱਖ ਨੂੰ, ਪਰਾਈ ਵਸਤੂ ਨੂੰ ਆਪਣਾ ਮੰਨਦੇ ਹਨ। - (2)

ਸਮਝਦਾਰ ਅਤੇ ਵਿਵੇਕੀ ਮਨੁੱਖ ਦੂਸਰੀ ਵਸਤ ਬਾਰੇ, ਇਹ ਮੇਰੀ ਹੈ, ਅਜਿਹੀ ਕਲਪਨਾ ਜੋ ਕਰਦਾ ਹੈ, ਤਾਂ ਦੁੱਖੀ ਹੁੰਦਾ ਹੈ। ਜੋ ਖੁਦ ਆਪਣਾ ਨਹੀਂ, ਉਸ ਦੀ ਮਮਤਾ ਦਾ ਲਗਾਵ ਤਰ੍ਹਾਂ ਤਰ੍ਹਾਂ ਦੇ ਕਸ਼ਟਾਂ ਨੂੰ ਬੁਲਾਵਾ ਦੇਣਾ ਹੁੰਦਾ। - (3)

ਪਰਾਏਪਣ ਦੇ ਧਾਗੇ ਲਿਪਟੇ ਹੋਏ ਮੇਰੇ ਮਨ, ਇਨ੍ਹਾਂ ਧਾਗਿਆਂ ਨੂੰ ਚੀਰ ਕੇ ਤੂੰ ਜਰਾ ਮੁਕਤ ਹੋ ਤਾਂ ਕਿ ਆਤਮ ਵਿਚਾਰ ਰੂਪੀ ਚੰਦਨ ਦਰਖ਼ਤ ਦੀ ਠੰਡੀ ਛਾਂ ਤੈਨੂੰ ਛੂਹ ਸਕੇ। - (4)

ਹੇ ਆਤਮਾ, ਸਮਤਾ ਭਾਵ ਦੇ ਨਾਲ ਤੂੰ ਆਤਮਾ ਨਾਲ ਏਕਤਾ ਦੀ ਅਨੁਭੂਤੀ ਕਰ। ਜਿਸ ਕਰਕੇ ਨਮੀ ਰਾਜਰਿਸ਼ੀ ਦੀ ਤਰ੍ਹਾਂ ਤੂੰ ਵੀ ਪਰਮਾਨੰਦ ਦਾ ਖਜ਼ਾਨਾ ਪ੍ਰਾਪਤ ਕਰ ਸਕੇਂਗਾ। - (5)

# ਚੌਥੀ ਭਾਵਨਾ (ਗੀਤ)

ਹੇ ਵਿਨੇ ਤੂੰ ਵਸਤੂ ਦੀ ਅਸਲੀ ਰੂਪ ਦਾ ਭਲੀ-ਭਾਂਤੀ ਚਿੰਤਨ ਕਰ। ਇਸ ਸੰਸਾਰ ਜੇਲ੍ਹ ਵਿੱਚ ਮੇਰਾ ਆਪਣਾ ਕੀ ਹੈ ? ਅਜਿਹਾ ਪਾਰਦਰਸ਼ੀ ਗਿਆਨ ਜਿਸ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ, ਉਸ ਨੂੰ ਫਿਰ ਦੁੱਖ ਛੂਹ ਨਹੀਂ ਸਕਦਾ। - (1)

ਸਰੀਰ ਧਾਰੀ ਆਤਮਾ ਇਕੱਲਾ ਹੀ ਜਨਮ ਲੈਂਦਾ ਹੈ, ਇਕੱਲਾ ਹੀ ਮੌਤ ਦਾ ਸ਼ਿਕਾਰ ਹੁੰਦਾ ਹੈ। ਕਰਮਾਂ ਦਾ ਬੰਧਨ ਹੀ ਇਕੱਲਾ ਕਰਦਾ ਹੈ ਅਤੇ ਕਰਮਾਂ ਦਾ ਭੁਗਤਾਨ ਵੀ ਇਸ ਨੂੰ ਇਕੱਲੇ ਨੂੰ ਕਰਨਾ ਪੈਂਦਾ ਹੈ। - (2)

ਇਸ ਤਰ੍ਹਾਂ ਭਿੰਨ-ਭਿੰਨ ਪ੍ਰਕਾਰ ਦੇ ਮਮਤਾ ਦੇ ਬੋਝ ਵਿੱਚ ਦੱਬਿਆ ਹੋਇਆ ਪ੍ਰਾਣੀ ਪਰਿਗ੍ਰਹਿ ਦਾ ਬੋਝ ਵਧਣ 'ਤੇ ਬਹੁਤ ਜ਼ਿਆਦਾ ਭਾਰ ਵਧਣ ਨਾਲ ਸਮੁੰਦਰ ਵਿੱਚ ਡੁੱਬਣ ਵਾਲੇ ਜਹਾਜ ਦੀ ਤਰ੍ਹਾਂ ਹੇਠਾਂ ਨੂੰ ਡੂੰਘਾਈ ਵਿੱਚ ਜਾਂਦਾ ਹੈ। - (3)

ਸਰਾਬ ਦੇ ਨਸ਼ੇ ਵਿੱਚ ਚੂਰ ਹੋਏ ਆਦਮੀ ਦੀ ਤਰ੍ਹਾਂ ਆਤਮਾ ਪਰਾਏ ਭਾਵ ਦੇ ਬੰਧਣ ਵਿੱਚ ਅਪਵਿੱਤਰ ਹੁੰਦਾ ਹੈ, ਟਕਰਾਉਂਦਾ ਹੈ, ਵਾਪਸ ਹੁੰਦਾ ਹੈ ਅਤੇ ਖਾਲੀ ਮਨ ਹੋ ਕੇ ਭਟਕਦਾ ਹੈ। - (4)

ਤੈਨੂੰ ਤਾਂ ਪਤਾ ਹੀ ਹੈ ਨਾ ? ਸੋਨੇ ਜਿਹੀ ਕੀਮਤੀ ਧਾਤ ਵੀ ਜੇ ਹਲਕੀ ਧਾਤ ਨਾਲ ਮਿਲ ਜਾਵੇ ਤਾਂ ਉਹ ਆਪਣੀ ਨਿਰਮਲਤਾ ਖੋ ਬੈਠਦੀ ਹੈ। (ਉਸੇ ਪ੍ਰਕਾਰ ਹੀ ਆਤਮਾ ਪਰਾਏ ਭਾਵ ਵਿੱਚ ਮੈਲੀ ਹੋ ਜਾਂਦੀ ਹੈ)। - (5)

ਪਰਾਏ ਭਾਵ ਦੇ ਝਗੜੇ ਵਿੱਚ ਪਈ ਹੋਈ ਆਤਮਾ ਪਤਾ ਨਹੀ ਕਿੰਨੇ ਸਵਾਂਗ ਰਚਦੀ ਹੈ। ਪਰ ਉਹੀ ਆਤਮਾ ਜੇ ਕਰਮਾਂ ਦੇ ਮੈਲ ਤੋਂ ਮੁਕਤ ਹੋ ਜਾਵੇ ਤਾਂ ਸ਼ੁੱਧ ਸੋਨੇ ਦੀ ਤਰ੍ਹਾਂ ਚਮਕ ਉੱਠਦੀ ਹੈ। - (6)

ਹੇ ਆਤਮਾ, ਹਮੇਸ਼ਾ ਗਿਆਨ ਦਰਸ਼ੀ ਅਤੇ ਚਿੱਤ ਦਰਸ਼ੀ ਭਾਵਾਂ ਨਾਲ ਪੂਰਨ ਹੁੰਦਾ ਹੈ। ਉਹੀ ਮੇਰੇ ਅਨੁਭਵ ਦੇ ਮੰਦਿਰ ਵਿੱਚ ਬਿਰਾਜਮਾਨ ਹੋਵੇ। - (7)

ਸ਼ਾਂਤ ਰਸ ਦਾ ਝਰਨਾ ਤੇਰੇ ਅੰਦਰ ਪ੍ਰਗਟ ਹੋਇਆ ਹੈ। ਤੂੰ ਜਰਾ ਉਸ ਦਾ ਸਵਾਦ ਤਾਂ ਲੈ। ਇੰਦਰੀਆਂ ਦੇ ਸੁੱਖਾਂ ਦੇ ਭੋਗ ਰਸ ਤੋਂ ਦੂਰ ਦੂਰ ਜਿਵੇਂ ਸ਼ਾਂਤ ਰਸ ਵਿੱਚ ਤੇਰਾ ਮਨ ਆਨੰਦ ਨੂੰ ਪ੍ਰਾਪਤ ਕਰੇਗਾ। - (8)

5.

# ਅਨੱਯਤਵ ਭਾਵਨਾ (ਸ਼ਲੋਕ)

ਪਰਾਇਆ ਆਦਮੀ ਜੇ ਘਰ ਵਿੱਚ ਆਉਂਦਾ ਹੈ ਅਤੇ ਵਿਨਾਸ਼ ਕਰਦਾ ਹੈ. ਇਹ ਕਹਾਵਤ ਪੂਰੀ ਤਰ੍ਹਾਂ ਗਲਤ ਨਹੀਂ ਹੈ। ਗਿਆਨ ਨਾਲ ਭਰਪੂਰ ਅਤੇ ਸ਼ੁੱਧ ਆਤਮਾ ਵਿੱਚ ਰਮ ਕੇ ਆਏ ਕਰਮਾਂ ਦੇ ਪ੍ਰਮਾਣੂਆਂ ਨੇ ਕਿੰਨਾ ਕਹਿਰ ਢਾਇਆ ਹੈ ? - (1)

ਹੇ ਮੇਰੇ ਆਤਮਾ, ਕਿਸ ਲਈ ਤੂੰ ਦੂਸਰੇ ਦੇ ਮਾਮਲੇ ਵਿੱਚ ਉਲਝ ਕੇ ਪੀੜ ਦਾ ਸ਼ਿਕਾਰ ਹੁੰਦਾ ਹੈਂ ? ਕੀ ਤੇਰੇ ਕੋਲ ਰਹੇ ਹੋਏ ਗੁਣਾਂ ਦਾ ਖ਼ਜ਼ਾਨਾ ਨਹੀਂ ? ਅਤੇ ਤੂੰ ਉਸ ਖ਼ਜ਼ਾਨੇ 'ਤੇ ਨਿਗਾਹ ਨਹੀਂ ਕਰਦਾ, ਉਸ ਬਾਰੇ ਕਿਉਂ ਨਹੀਂ ਸੋਚਦਾ। - (2)

ਤੂੰ ਜਿਸ ਦੇ ਲਈ ਭਰਪੂਰ ਕੋਸ਼ਿਸ਼ ਕਰਦਾ ਹੈਂ, ਤਰ੍ਹਾਂ ਤਰ੍ਹਾਂ ਦੇ ਕਸ਼ਟਾਂ ਨਾਲ ਦੁਖੀ ਹੁੰਦਾ ਹੈ, ਕਦੇ ਤੂੰ ਖੁਸ਼ੀ ਨਾਲ ਨੱਚਦਾ ਹੈ, ਕਦੇ ਉਦਾਸੀ ਨਾਲ ਘਬਰਾ ਜਾਂਦਾ ਹੈ। ਨਾਰਾਜਗੀ ਅਤੇ ਮਾਯੂਸ ਹੋ ਜਾਂਦਾ ਹੈਂ। ਕਦੇ ਕੁਝ ਮਨ ਚਾਹਿਆ ਪਾ ਕੇ ਮਸਤੀ ਵਿੱਚ ਆ ਜਾਂਦਾ ਹੈਂ। ਪਰ ਤੂੰ ਤੇਰੇ ਨਿਰਮਲ ਆਤਮ ਸੁਭਾਅ ਨੂੰ ਠੁਕਰਾ ਕੇ ਜਿਨ੍ਹਾਂ ਪਦਾਰਥਾਂ ਦੇ ਪਿੱਛੇ ਪਾਗਲ ਬਣਿਆ ਹੋਇਆ ਹੈਂ, ਉਹ ਸਭ ਪਰਾਏ ਹਨ। ਤੇਰਾ ਕੁਝ ਵੀ ਨਹੀਂ। - (3)

ਇਹ ਦੱਸ ਕਿ ਇਹ ਸੰਸਾਰ ਵਿੱਚ ਅਜਿਹਾ ਕਿਹੜਾ ਕਸ਼ਟ ਹੈ, ਦੁੱਖ ਹੈ, ਜੋ ਤੂੰ ਅਨੁਭਵ ਨਹੀਂ ਕੀਤਾ ? ਪਸ਼ੂ ਅਤੇ ਨਰਕ ਗਤੀ ਵਿੱਚ ਤੂੰ ਮਾਰ ਖਾਧੀ ਹੈ। ਬਾਰ ਬਾਰ ਕੱਟਿਆ ਗਿਆ ਹੈਂ। ਤੇਰੀ ਬੋਟੀ ਬੋਟੀ ਕਰ ਦਿੱਤੀ ਗਈ ਹੈ। ਇਹ ਸਭ ਪਰ-ਪਦਾਰਥਾਂ ਦੇ ਪ੍ਰਤੀ ਲਗਾਓ ਦਾ ਇੰਦਰਜਾਲ ਹੈ ਅਤੇ ਇਸ ਦੁੱਖ ਨੂੰ ਵਿਸਾਰ ਕੇ ਵਾਪਸ ਫਿਰ ਪਾਗਲਾਂ ਦੀ

ਤਰ੍ਹਾਂ ਪਰਾਏ ਭਾਵ ਵਿੱਚ ਜਾ ਰਿਹਾ ਹੈਂ। ਹੇ ਮੂਰਖ, ਜੋ ਹੋਇਆ ਸੋ ਹੋਇਆ। ਬੇਸ਼ਰਮੀ ਦੀ ਵੀ ਕੋਈ ਹੱਦ ਹੁੰਦੀ ਹੈ। - (4)

'ਗਿਆਨ, ਦਰਸ਼ਨ (ਸ਼ਰਧਾ), ਚਰਿੱਤਰ ਵਿੱਚ ਚਿਨ੍ਹਾਂ ਵਾਲੀ ਚੇਤਨਾ ਤੋਂ ਛੁੱਟ ਸਾਰੇ ਪਦਾਰਥ ਪਰਾਏ ਹਨ।' ਤੂੰ ਇਸ ਵਿਚਾਰ ਨੂੰ ਪੱਕਾ ਕਰਕੇ ਆਪਣੇ ਆਤਮ ਕਲਿਆਣ ਲਈ ਕੋਸ਼ਿਸ਼ ਕਰ। - (5)

## ਪੰਚਮ ਭਾਵਨਾ (ਗੀਤ)

ਹੇ ਵਿਨੈ ! ਜਰਾ ਆਪਣੇ ਘਰ ਨੂੰ ਚੰਗੀ ਤਰ੍ਹਾਂ ਸੰਭਾਲ ਲੈ। ਸਰੀਰ, ਧਨ, ਰਿਸ਼ਤੇਦਾਰ ਇਨ੍ਹਾਂ ਸਾਰਿਆਂ ਵਿੱਚੋਂ ਤੈਨੂੰ ਕੋਈ ਵੀ ਦੁਰਗਤੀ ਤੋਂ ਬਚਾਉਣ ਵਾਲਾ ਨਹੀ ਹੈ। ਅੰਤ ਤੇਰਾ ਆਪਣਾ ਕੁਝ ਵੀ ਨਹੀ। - (1)

ਜਿਸ ਨੂੰ ਤੂੰ ਆਪਣਾ ਸਮਝ ਕੇ ਅਪਣਾਉਂਦਾ ਹੈਂ, ਉਹ ਸਰੀਰ ਵੀ ਬਹੁਤ ਚੰਚਲ ਹੈ। ਤੈਨੂੰ ਉਹ ਨੁਕਸਾਨ ਕਰਕੇ ਢਿੱਲਾ ਅਤੇ ਬੇਜਾਨ ਬਣਾ ਕੇ ਰੱਖ ਦੇਵੇਗਾ। - (2)

ਹਰ ਜਨਮ ਵਿੱਚ ਭਿੰਨ-ਭਿੰਨ ਪ੍ਰਕਾਰ ਦੇ ਪਰੀਗ੍ਰਹਿ (ਧਨ-ਸੰਪਤੀ) ਤੂੰ ਇਕੱਠੇ ਕੀਤੇ ਹਨ। ਪਰਿਵਾਰ, ਕਬੀਲਾ ਬਣਾਇਆ ਹੈ ਅਤੇ ਜਦ ਪਰਲੋਕ ਦੀ ਯਾਤਰਾ ਦੇ ਚੱਲਣ ਦਾ ਸਮਾਂ ਆਉਂਦਾ ਹੈ ਤਾਂ ਇਹ ਸਾਰਾ ਕੁਝ ਇੱਥੇ ਹੀ ਧਰਿਆ ਰਹਿ ਜਾਂਦਾ ਹੈ। ਇੱਕ ਛੋਟਾ ਜਿਹਾ ਹਿੱਸਾ ਵੀ ਤੇਰੇ ਨਾਲ ਨਹੀ ਜਾਵੇਗਾ। - (3)

ਲਗਾਉ ਤੇ ਗੁੱਸੇ ਨੂੰ ਉਭਾਰਨ ਵਾਲੀ ਮਮਤਾ ਨੂੰ ਛੱਡ ਦੇ। ਇਸ ਦੇ ਲਈ ਪਰਾਈ ਚੀਜ ਦੇ ਮੇਲ ਤੋਂ ਦੂਰ ਰਹਿ। ਬਿਨਾਂ ਮਿਲਾਪ ਅਤੇ ਇੱਛਾ ਤੋਂ ਮੁਕਤ ਹੋ ਕੇ ਅਨੁਭਵ ਰਸ ਦੇ ਸੁੱਖ ਨੂੰ ਪ੍ਰਾਪਤ ਕਰ। - (4)

ਸਫ਼ਰ ਵਿੱਚ ਸਹਾਇਕ ਹੋ ਜਾਣ ਵਾਲੇ ਮਹਿਮਾਨਾਂ ਦੇ ਨਾਲ ਰਿਸ਼ਤਾ ਰੱਖਣ ਦਾ ਕੀ ਫ਼ਾਇਦਾ ? ਆਪਣੇ ਆਪਣੇ ਕਰਮਾਂ ਦੇ ਸਹਾਰੇ ਜੀਊਣ ਵਾਲੇ ਆਪਣਿਆਂ ਦੇ ਨਾਲ ਮੋਹ ਦੇ ਬੰਧਣ ਕਿਉਂ ਜੋੜਦਾ ਹੈਂ ? - (5)

ਤੇਰੇ ਪ੍ਰਤੀ ਜਿਸ ਨੂੰ ਪ੍ਰੇਮ ਨਹੀਂ, ਆਪਣਾਪਣ ਨਹੀਂ, ਉਸ ਨੂੰ ਪਾਉਣ ਦੀ ਕੋਸ਼ਿਸ਼ ਕਰੇਂਗਾ ਤਾਂ ਆਖ਼ਿਰ ਵਿੱਚ ਤੈਨੂੰ ਤਕਲੀਫ਼ ਹੀ ਹੋਵੇਗੀ। ਪੁਦਗਲ (ਪਦਾਰਥ) ਦਾ ਮਾਇਆਜਾਲ ਅਜਿਹਾ ਹੀ ਪ੍ਰੇਮ ਰਹਿਤ ਹੈ। ਤੂੰ ਬੇਕਾਰ ਹੀ ਉਸ ਦੇ ਪਿੱਛੇ ਪਾਗਲਾਂ ਵਾਂਗੂੰ ਦੁਖੀ ਕਿਉਂ ਹੋ ਰਿਹਾ ਹੈਂ ? - (6)

ਜੋ ਜੁਦਾਈ ਦੇ ਜੰਗਲ ਵਿੱਚ ਭਟਕਾਉਣ ਵਾਲਾ ਹੈ, ਅਜਿਹੇ ਮਿਲਣ ਨੂੰ ਤੂੰ ਪਹਿਲਾਂ ਹੀ ਛੱਡ ਦੇ। ਆਪਣੀ ਇਕਾਗਰਤਾ ਨੂੰ ਸਾਫ਼ ਤੇ ਪਾਰਦਰਸ਼ੀ ਬਣਾ। ਰੇਗਿਸਤਾਨ ਦੀ ਮ੍ਰਿਗ-ਤ੍ਰਿਸ਼ਣਾ ਨਾਲ ਕਦੇ ਪਿਆਸ ਨਹੀਂ ਬੁਝੇਗੀ। ਸਗੋਂ ਹੋਰ ਭਟਕੇਗੀ। - (7)

ਦੁਨੀਆਂ ਵਿੱਚ ਜਿਸ ਦਾ ਕੋਈ ਨਹੀਂ, ਉਸ ਦੀ ਸਹਾਇਤਾ ਕਰਨ ਵਾਲਾ ਜੇਨਿੰਦ੍ਰ ਪ੍ਰਮਾਤਮਾ ਦਾ ਤੂੰ ਧਿਆਨ ਕਰ। ਇਹੋ ਮੁਕਤੀ ਪ੍ਰਾਪਤੀ ਦਾ ਇੱਕ ਸਰਲ ਉਪਾਅ ਹੈ। ਦੁੱਖ, ਕਸ਼ਟ ਅਤੇ ਮੁਸੀਬਤਾਂ ਦੇ ਤਾਪ ਨੂੰ ਸ਼ਾਂਤ ਕਰਨ ਵਾਲੇ ਸ਼ਾਤਸੁਧਾ ਰਸ ਦਾ ਤੂੰ ਸੇਵਨ ਕਰ। - (8)

# 6.

## ਅਸੁਰੀ ਭਾਵਨਾ

ਛੇਦ ਵਾਲੇ ਘੜੇ ਵਿੱਚ ਪਈ ਸ਼ਰਾਬ, ਗਲਦੀ ਹੈ ਅਤੇ ਉਹ ਗੰਦੇ ਘੜੇ ਨੂੰ ਬਾਹਰ ਤੋਂ ਚੰਗੀ ਤਰ੍ਹਾਂ ਮਿੱਟੀ ਨਾਲ ਸਾਫ਼ ਕੀਤਾ ਜਾਵੇ, ਗੰਗਾ ਦੇ ਪਾਣੀ ਨਾਲ ਉਸ ਨੂੰ ਧੋਇਆ ਜਾਵੇ, ਫਿਰ ਵੀ ਉਹ ਪਵਿੱਤਰ ਨਹੀਂ ਹੁੰਦਾ। ਉਸੇ ਪ੍ਰਕਾਰ ਗੰਦੀਆਂ ਹੱਡੀਆਂ, ਮਲ-ਮੂਤਰ, ਨੱਕ ਦੀ ਮੈਲ, ਚਮੜੀ ਅਤੇ ਖੂਨ 'ਚ ਰਹਿਆ ਹੋਇਆ ਇਹ ਸਰੀਰ ਕਾਫ਼ੀ ਕੋਸ਼ਿਸ਼ ਕਰਨ 'ਤੇ ਵੀ ਸ਼ੁੱਧ ਨਹੀਂ ਹੁੰਦਾ। - (1)

ਮੂਰਖ ਆਦਮੀ ਬਾਰ-ਬਾਰ ਇਸ਼ਨਾਨ ਕਰਕੇ ਸਰੀਰ ਨੂੰ ਸਾਫ਼ ਕਰਦਾ ਹੈ। ਚੰਦਨ ਦਾ ਲੇਪ ਕਰਕੇ ਆਪਣੇ ਆਪ ਨੂੰ ਪਵਿੱਤਰ ਸਮਝਦਾ ਹੈ। ਪਰ ਇਹ ਸਾਰਾ ਭਰਮ ਹੀ ਹੈ। ਕੂੜੇ ਦੇ ਢੇਰ ਨੂੰ ਸਾਫ਼ ਨਹੀਂ ਕੀਤਾ ਜਾ ਸਕਦਾ (ਜੇ ਸਾਫ਼ ਹੋ ਜਾਏ ਤਾ ਉਹ ਕੂੜਾ ਨਹੀਂ ਰਹੇਗਾ)। - (2)

ਲਹਸੁਣ ਨੂੰ ਕਪੂਰ ਆਦਿ ਸੁਗੰਧ ਵਾਲੇ ਪਦਾਰਥਾਂ ਵਿੱਚ ਰੱਖਿਆ ਜਾਵੇ, ਫਿਰ ਵੀ ਉਸ ਦੀ ਬਦਬੂ ਨਹੀਂ ਜਾਂਦੀ। ਦੁਸ਼ਟ ਆਦਮੀ 'ਤੇ ਜ਼ਿੰਦਗੀ ਭਰ ਉਪਕਾਰ ਕਰਦੇ ਰਹੋ, ਫਿਰ ਵੀ ਉਹ ਜ਼ਿੰਦਗੀ ਭਰ ਨਹੀਂ ਸੁਧਰੇਗਾ। ਇਸੇ ਪ੍ਰਕਾਰ ਹੀ ਇਸ ਸਰੀਰ ਨੂੰ ਕਿੰਨਾ ਹੀ ਸਜਾਓ, ਸ਼ਿੰਗਾਰੋ, ਤਾਕਤਵਰ ਬਣਾਓ, ਇਹ ਆਪਣੀ ਸੁਭਾਵਿਕ ਦੁਰਗੰਧ ਨੂੰ ਨਹੀਂ ਛੱਡੇਗਾ। ਇਸ ਦਾ ਕੋਈ ਭਰੋਸਾ ਨਹੀਂ। - (3)

ਜੋ ਸਰੀਰ ਆਪਣੇ ਮੇਲ ਵਿੱਚ ਆਉਣ ਵਾਲੀਆਂ ਪਵਿੱਤਰ ਵਸਤੂਆਂ ਨੂੰ ਵੀ ਅਪਵਿੱਤਰ ਬਣਾ ਦਿੰਦਾ ਹੈ, ਉਸ ਵਿੱਚ ਪਵਿੱਤਰਤਾ ਦੀ ਕਲਪਨਾ ਕਰਨਾ ਇਹੋ ਬੜੀ ਮੂਰਖਤਾ ਹੈ। - (4)

ਇਹ ਸਰੀਰਿਕ ਸਫਾਈ, ਸਰੀਰ ਦੀ ਪਵਿੱਤਰਤਾ ਦਾ ਖਿਆਲ ਹੀ ਗਲਤ ਹੈ। ਸਾਰੇ ਦੋਸ਼ਾਂ ਨੂੰ ਸਾਫ ਕਰਨ ਵਾਲਾ ਧਰਮ ਹੀ ਵਿਸ਼ਵ ਵਿੱਚ ਸਭ ਤੋਂ ਪਵਿੱਤਰ ਹੈ। ਉਸ ਧਰਮ ਨੂੰ ਤੂੰ ਆਪਣੇ ਹਿਰਦੇ ਵਿੱਚ ਧਾਰਨ ਕਰ। - (5)

## ਛੇਵੀ ਭਾਵਨਾ (ਗੀਤ)

ਹੇ ਵਿਨੈ ! ਇਹ ਸਰੀਰ ਗੰਦਾ ਹੈ, ਮੈਲਾ ਹੈ, ਇਹ ਤੂੰ ਸਾਫ ਤੌਰ 'ਤੇ ਸਮਝ ਲੈ। ਤੇਰੇ ਮਨ ਕਮਲ ਨੂੰ ਵਿਕਸਿਤ ਕਰ ਅਤੇ ਜੋ ਆਤਮ ਤੱਤਵ ਪ੍ਰਮਾਤਮਾ ਹੈ, ਕਲਿਆਣਕਾਰੀ ਹੈ, ਵਿਵੇਕ ਵਾਲਾ ਹੈ, ਉਸ ਦਾ ਚਿੰਤਨ ਕਰ। - (1)

ਇਸਤਰੀ ਪੁਰਸ਼ ਦੇ ਰਜ ਅਤੇ ਵੀਰਜ ਤੋਂ ਬਣਿਆ, ਮੈਲ ਅਤੇ ਗੰਦਗੀ ਦੇ ਢੇਰ ਵਰਗੇ ਇਸ ਸਰੀਰ ਤੋਂ ਕੀ ਚੰਗਾ ਹੋਵੇਗਾ ? ਇਸ ਨੂੰ ਚੰਗੀ ਤਰ੍ਹਾਂ ਢਕ ਲਵੋ, ਫਿਰ ਵੀ ਇਸ ਤੋਂ ਗੰਦੇ ਪਦਾਰਥ ਵਹਿੰਦੇ ਰਹਿੰਦੇ ਹਨ। ਅਜਿਹੇ ਗੰਦੇ ਬਦਬੂ ਵਾਲੇ ਖੂਹ ਨੂੰ ਕੌਣ ਬੁੱਧੀਮਾਨ ਚੰਗਾ ਸਮਝੇਗਾ ? - (2)

ਮੂੰਹ ਵਿੱਚ ਖੁਸ਼ਬੂ ਫੈਲਦੀ ਰਹੀ, ਇਸ ਲਈ ਪਾਨ ਵਿੱਚ ਖੁਸ਼ਬੂ ਵਗੈਰਾ ਪਾ ਕੇ ਆਦਮੀ ਖਾਂਦਾ ਹੈ। ਪਰ ਇਹ ਮੂੰਹ ਫਿਰ ਵੀ ਖੁਦ ਦੁਰਗੰਧ ਤੋਂ ਭਰੀ ਲਾਰ ਨਾਲ ਭਰਿਆ ਹੈ। ਫਿਰ ਵੀ ਉਸ ਵਿੱਚ ਖੁਸ਼ਬੂਦਾਰ ਸਾਹ ਦਾ ਨਿਵਾਸ ਰਹੇਗਾ, ਇਹ ਗਲਤ ਹੈ। - (3)

ਸਰੀਰ ਵਿੱਚ ਫੈਲੀ ਬਦਬੂ ਵਾਲੀ ਹਵਾ, ਦਬਾਉਣ ਨਾਲ ਨਹੀਂ ਦੱਬਦੀ, ਢਕਣ ਨਾਲ ਨਹੀਂ ਢਕੀ ਜਾਂਦੀ, ਫਿਰ ਤੂੰ ਇਸ ਸਰੀਰ ਨੂੰ ਬਾਰ-ਬਾਰ ਕਿਉਂ ਸੁੰਘਦਾਂ ਹੈਂ, ਜੀਭ ਨਾਲ ਚੱਟਦਾ ਹੈਂ ਅਤੇ ਇਸ ਤਰ੍ਹਾਂ ਤੇਰੇ

ਸਰੀਰ ਨੂੰ ਪਵਿੱਤਰ ਬਣਾਉਣ ਦੀ ਮੰਨਣ ਦੀ ਜੋ ਹਰਕਤ ਕਰਦਾ ਹੈਂ, ਉਸ 'ਤੇ ਬੁੱਧੀਮਾਨ ਲੋਕ ਹੱਸ ਰਹੇ ਹਨ, ਤੇਰਾ ਮਜ਼ਾਕ ਉਡਾ ਰਹੇ ਹਨ। - (4)

ਇਸਤਰੀ ਦੇ ਸਰੀਰ ਦੇ ਬਾਰਾਂ ਛੇਦਾਂ 'ਚੋਂ ਅਤੇ ਪੁਰਸ਼ ਦੇ ਨੌਂ ਛੇਦਾਂ 'ਚੋਂ ਲਗਾਤਾਰ ਅਪਵਿੱਤਰ ਪਦਾਰਥ ਨਿਕਲਦੇ ਰਹਿੰਦੇ ਹਨ, ਵਹਿੰਦੇ ਰਹਿੰਦੇ ਹਨ, ਉਸ ਨੂੰ ਤੂੰ ਪਵਿੱਤਰ ਮੰਨਣ ਦੀ ਤੂੰ ਜ਼ਿਦ ਕਿਉਂ ਫੜੀ ਬੈਠਾ ਹੈਂ ? ਲੱਗਦਾ ਹੈ ਕਿ ਤੂੰ ਕੋਈ ਨਵਾਂ ਤਰੀਕਾ ਲੱਭ ਲਿਆ ਹੈ। - (5)

ਚੰਗੀ ਤਰ੍ਹਾਂ ਤਿਆਰ ਕੀਤਾ ਹੋਇਆ ਸਵਾਦੀ ਅਤੇ ਰਸ ਵਾਲਾ ਭੋਜਨ ਵੀ ਗੰਦਗੀ ਵਿੱਚ ਬਦਲ ਕੇ ਘ੍ਰਿਣਾ ਪੈਦਾ ਕਰਦਾ ਹੈ। ਗਾਂ ਦਾ ਪਵਿੱਤਰ ਮੰਨਿਆ ਜਾਣ ਵਾਲਾ ਦੁੱਧ ਵੀ ਮੂਤਰ ਬਣ ਕੇ ਗੰਦਗੀ ਫੈਲਾਉਂਦਾ ਹੈ। - (6)

ਇਹ ਸਰੀਰ ਕੇਵਲ ਗੰਦਗੀ ਤੋਂ ਬਣੇ ਹੋਏ ਪ੍ਰਮਾਣੂਆਂ ਦਾ ਢੇਰ ਮਾਤਰ ਹੈ। ਸੁੰਦਰ ਰਸ ਵਾਲੇ ਭੋਜਨ, ਮਨ ਭਾਉਂਦੇ ਕੱਪੜੇ ਵੀ ਸਰੀਰ ਨੂੰ ਪਵਿੱਤਰਤਾ ਨਹੀਂ ਦਿੰਦੇ। ਪਰ ਇਸ ਸਰੀਰ ਵਿੱਚ ਜੇ ਕੋਈ ਸਾਰ ਤੱਤ ਹੈ ਤਾਂ ਉਹ ਹੈ ਮੁਕਤੀ ਮਾਰਗ ਦੀ ਅਰਾਧਨਾ ਕਰਨ ਦੀ ਸਮਰੱਥਾ। ਤੂੰ ਇਸ ਬਾਰੇ ਚਿੰਤਨ ਕਰ। - (7)

ਇਸ ਅਪਵਿੱਤਰ ਸਰੀਰ ਨੂੰ ਮਹਾਪੁੰਨਸ਼ਾਲੀ ਕਿਹਾ ਜਾ ਸਕੇ, ਅਜਿਹੀ ਕਲਾ ਦੇ ਬਾਰੇ ਤੂੰ ਕੁਝ ਸੋਚ। ਮਹਾਂ-ਪਵਿੱਤਰ ਆਗਮ ਰੂਪੀ ਤਲਾਬ ਦੇ ਕਿਨਾਰੇ ਬੈਠ ਕੇ ਤੂੰ ਸ਼ਾਤਸੁਧਾ ਦੇ ਰਸ ਦਾ ਸੇਵਨ ਕਰ। ਤੇਰਾ ਸਰੀਰ ਪਵਿੱਤਰ ਹੋਵੇਗਾ ਤੇ ਮਨ ਵੀ ਪਵਿੱਤਰ ਹੋ ਉੱਠੇਗਾ। - (8)

# 7.

## ਆਸ਼ਰਵ ਭਾਵਨਾ (ਸ਼ਲੋਕ)

ਜਿਵੇਂ ਚਾਰੇ ਪਾਸੇ ਪਾਣੀ ਦੇ ਵਹਾਓ ਨਾਲ ਆਉਂਦੇ ਝਰਨੇ, ਤਲਾਬ ਵੱਲ ਆਪਣਾ ਪਾਣੀ ਸੁੱਟਦੇ ਹਨ, ਉਸੇ ਪ੍ਰਕਾਰ ਜੀਵ ਤਰ੍ਹਾਂ ਤਰ੍ਹਾਂ ਦੇ ਪਾਪ ਨਾਲ - ਆਸ਼ਰਵਾਂ ਤੋਂ ਉੱਭਰਦਾ ਹੈ, ਦੁਖੀ ਹੁੰਦਾ ਹੈ, ਅਸਥਿਰ ਅਤੇ ਗੰਦਾ ਬਣਦਾ ਹੈ। - (1)

ਜਿਹੜਾ ਮਿਹਨਤ ਕਰਕੇ ਜਲਦੀ ਜਲਦੀ ਕੁਝ ਇੱਕ ਕਰਮਾਂ ਨੂੰ ਦੂਰ ਕਰਦੇ ਹਨ, ਇੰਨੇ ਵਿੱਚ ਤਾਂ ਆਸ਼ਰਵ ਰੂਪ ਦੁਸ਼ਮਣ ਹਮਲਾ ਕਰਕੇ ਹਰ ਪਲ ਕਰਮਾਂ ਨਾਲ ਆਤਮਾ ਨੂੰ ਭਰ ਦਿੰਦੇ ਹਨ। ਇਹ ਕਿਹੋ ਜਿਹੀ ਬਚਿੱਤਰਤਾ ਹੈ ? ਇਨ੍ਹਾਂ ਆਸ਼ਰਵਾਂ (ਕਰਮਾਂ ਦੇ ਆਉਣ ਦੇ ਮਾਰਗ) ਨੂੰ ਕਿਵੇਂ ਰੋਕਿਆ ਜਾਵੇ ? ਇਸ ਭਿਆਨਕ ਸੰਸਾਰ ਤੋਂ ਛੁਟਕਾਰਾ ਕਿਸ ਪ੍ਰਕਾਰ ਪਾਇਆ ਜਾਵੇ ? - (2)

ਮਹਾਂ-ਗਿਆਨੀ ਪੁਰਸ਼ਾਂ ਨੇ ਮਿੱਥਿਆਤਵ (ਗਲਤ ਧਾਰਨਾ), ਅਵਿਰਤੀ (ਵਰਤਾਂ ਨੂੰ ਅੰਗੀਕਾਰ ਨਾ ਕਰਨਾ), ਕਸ਼ਾਇ (ਕ੍ਰੋਧ, ਮਾਨ, ਮਾਇਆ ਲੋਭ), ਯੋਗ (ਮਨ, ਵਚਨ ਤੇ ਸਰੀਰ ਦੀ ਕਿਰਿਆ) ਇਹ ਚਾਰ ਆਸ਼ਰਵ ਦੱਸੇ ਗਏ ਹਨ। ਇਨ੍ਹਾਂ ਆਸਰਵਾਂ ਦੇ ਰਾਹੀਂ ਹਰ ਪਲ ਹਰ ਪ੍ਰਾਣੀ ਕਰਮਾਂ ਦੇ ਚਿੱਕੜ ਵਿੱਚ ਫਸਦਾ ਹੈ ਅਤੇ ਸੰਸਾਰ ਦੇ ਭਟਕਾਉਣ ਵਾਲੇ ਜੰਗਲ ਵਿੱਚ ਭਟਕਦਾ ਰਹਿੰਦਾ ਹੈ। - (3)

ਇਹ ਆਸ਼ਰਵ ਪੈਦਾ ਹੁੰਦੇ ਹਨ। ਪੰਜ ਇੰਦਰੀਆਂ, ਪੰਜ ਪ੍ਰਕਾਰ ਦੇ ਅਵਰਤ (ਹਿੰਸਾ, ਚੋਰੀ, ਝੂਠ, ਬ੍ਰਹਮਚਰਿਆ ਦਾ ਪੂਰਨ ਰੂਪ ਵਿੱਚ ਪਾਲਣ ਨਾਲ ਕਰਨਾ, ਪਰਿਗ੍ਰਹਿ), ਚਾਰ ਪ੍ਰਕਾਰ ਦੇ ਕਸਾਇ ਅਤੇ ਤਿੰਨ ਪ੍ਰਕਾਰ ਦੇ ਯੋਗਾਂ ਵਿੱਚੋਂ, ਇਨ੍ਹਾਂ ਦੇ ਨਾਲ ਪੱਚੀ ਝੂਠੀਆਂ ਕਿਰਿਆਵਾਂ ਨੂੰ ਮਿਲਾ ਕੇ ਇਨ੍ਹਾਂ ਦੀ ਗਿਣਤੀ 42 ਹੁੰਦੀ ਹੈ। - (4)

ਇਸ ਪ੍ਰਕਾਰ ਆਸ਼ਰਵ ਤੱਤਵ ਨੂੰ ਜਾਣ ਕੇ ਅਤੇ ਸ਼ਾਸਤਰਾਂ ਦੇ ਅਭਿਆਸ ਨਾਲ ਤੱਤਵ ਦਾ ਨਿਰਣਾ ਕਰਕੇ, ਹੇ ਆਤਮਾ ! ਤੂੰ ਉਸ ਦੇ ਨਿਰੋਧ ਦੇ ਲਈ ਆਪਣੀ ਪੂਰੀ ਤਾਕਤ ਜੁਟਾ ਕੇ ਕੋਸ਼ਿਸ਼ ਕਰ। - (੫)

## ਆਸ਼ਰਵ ਭਾਵਨਾ (ਗੀਤ)

ਕਲਿਆਣਕਾਰੀ ਆਤਮਾਵਾਂ ਦੇ ਹਿਰਦੇ ਵਿੱਚ ਸਮਤਾ ਧਾਰਨ ਕਰਕੇ, ਕਰਮ-ਬੰਧ ਦੇ ਸਕਤੀਸਾਲੀ ਕਾਰਨ ਰੂਪ, ਆਸ਼ਰਵਾਂ ਦਾ ਤਿਆਗ ਕਰਨਾ ਚਾਹੀਦਾ ਹੈ। ਜੇ ਇਹ ਆਸਰਵ ਆਪ-ਹੁਦਰੇ ਹੋ ਜਾਣ, ਤਾਂ ਗੁਣਾਂ ਦੀ ਖਾਣ ਨੂੰ ਤਹਿਸ-ਨਹਿਸ ਕਰਕੇ ਰੱਖ ਦੇਣਗੇ। - (1)

ਮਿਥਿਆਤਵ - ਝੂਠੇ ਅਤੇ ਪਾਖੰਡੀ ਗੁਰੂਆਂ ਦੇ ਚੱਕਰ ਵਿੱਚ ਫਸ ਕੇ ਜਾਂ ਆਪਣੀ ਗਲਤ ਬੁੱਧੀ ਦਾ ਸ਼ਿਕਾਰ ਹੋ ਕੇ, ਜੀਵ ਆਤਮਾ ਮੁਕਤੀ ਦਾ ਸਹੀ ਰਾਹ ਛੱਡ ਕੇ ਅਸ਼ੁੱਧ ਤੇ ਅਸ਼ੁੱਭ ਕਿਰਿਆਵਾਂ ਵਿੱਚ ਉਲਝ ਜਾਂਦਾ ਹੈ ਅਤੇ ਮੁਕਤੀ ਦੇ ਰਾਹ ਤੋਂ ਕਾਫੀ ਦੂਰ ਹੋ ਜਾਂਦਾ ਹੈ। - (2)

ਅਵਿਰਤੀ - ਤਿਆਗ, ਪ੍ਰਤਿਗਿਆ ਜਾਂ ਅਨੁਸ਼ਾਸਨ ਦੇ ਲਈ ਜੋ ਜਰਾ ਵੀ ਹਿਮਤ ਨਹੀ ਕਰਦਾ, ਅਜਿਹਾ ਪ੍ਰਾਣੀ ਪਰ-ਵੱਸ ਹੋ ਕੇ ਇਸ ਲੋਕ ਤੇ ਪਰਲੋਕ ਵਿੱਚ ਕਰਮਾਂ ਦੇ ਕਾਰਨ ਉਤਪੰਨ ਭਿਅੰਕਰ ਦੁੱਖਾਂ ਦੇ ਬੰਧਨ ਵਿੱਚ ਫਸ ਜਾਂਦਾ ਹੈ। - (3)

ਇੰਦਰੀਆਂ - ਹਾਥੀ, ਮੱਛੀ, ਭੌਰਾ, ਪਤੰਗਾ ਅਤੇ ਹਿਰਨ ਇਹ ਸਾਰੇ ਪ੍ਰਾਣੀ ਆਪਣੇ ਮਨ ਚਾਹੇ ਪਦਾਰਥਾਂ ਦੇ ਪਿੱਛੇ ਪਾਗਲ ਬਣ ਕੇ ਭਟਕਦੇ ਹਨ ਅਤੇ ਪੀੜ ਦੇ ਸ਼ਿਕਾਰ ਹੁੰਦੇ ਹਨ। ਸਿੱਟੇ ਵਜੋਂ ਮੌਤ ਦੀ ਡੂੰਘੀ ਖਾਈ ਵਿੱਚ ਡਿੱਗ ਜਾਂਦੇ ਹਨ। - (4)

ਕਸ਼ਾਇ - ਗੁੱਸੇ ਅਤੇ ਭਟਕਣ ਦੇ ਸ਼ਿਕੰਜੇ ਵਿੱਚ ਬੁਰੀ ਤਰ੍ਹਾਂ ਫਸੇ ਹੋਏ ਪ੍ਰਾਣੀ ਨਰਕ ਦੀ ਯਾਤਰਾ ਵਿੱਚ ਚਲੇ ਜਾਂਦੇ ਹਨ ਅਤੇ ਅਨੰਤਾਂ ਬਾਰ ਜਨਮ-ਮਰਨ ਦੀ ਚੱਕੀ ਵਿੱਚ ਘੁੰਮਦੇ ਹਨ, ਭਟਕਦੇ ਹਨ ਤੇ ਡਿੱਗਦੇ ਹਨ। - (5)

ਯੋਗ - ਮਨ, ਬਚਨ ਅਤੇ ਵਰਤਾਓ ਦੇ ਅਸਥਿਰ ਪ੍ਰਾਣੀ ਪਾਪ ਦੇ ਬੋਝ ਤੋਂ ਦਬ ਕੇ ਕਰਮ ਰੂਪੀ ਚਿੱਕੜ ਵਿੱਚ ਲਿੱਬੜ ਜਾਂਦੇ ਹਨ। ਇਸ ਲਈ ਹੇ ਆਤਮਾ ! ਤੂੰ ਸਾਰੇ ਕੰਮ ਇੱਕ ਪਾਸੇ ਰੱਖ ਕੇ ਅਤੇ ਸਾਰੀਆਂ ਗੱਲਾਂ ਖ਼ਤਮ ਕਰਕੇ ਇਨ੍ਹਾਂ ਆਸ਼ਰਵਾਂ 'ਤੇ ਜਿੱਤ ਪ੍ਰਾਪਤ ਕਰ। - (6)

ਸੰਜਮੀ ਅਤੇ ਸ਼ੁੱਧ ਆਤਮਾ ਦੇ ਸ਼ੁਭ ਯੋਗ ਹੀ ਚੰਗੇ ਕਰਮਾਂ ਨੂੰ ਜੋੜਦੇ ਹਨ, ਵਧਾਉਂਦੇ ਹਨ, ਜਦਕਿ ਮੋਕਸ਼ ਦੇ ਲਈ ਇਹ ਸ਼ੁਭ ਕਰਮ ਹੀ ਜੰਜੀਰ ਹੀ ਬਣਨਗੇ, ਰੁਕਾਵਟ ਬਣਨਗੇ। ਠੀਕ ਹੈ, ਜੰਜੀਰ ਸੋਨੇ ਹੀ ਹੋਵੇ ਜਾਂ ਲੋਹੇ ਦੀ ਜੰਜੀਰ ਤਾਂ ਆਖ਼ਿਰ ਜੰਜੀਰ ਹੀ ਹੈ। - (7)

ਹੇ ਵਿਨੈ ! ਆਸ਼ਰਵ ਰੂਪੀ ਪਾਪਾਂ ਨੂੰ ਰੋਕਣ ਦੇ ਲਈ ਹੁਣ ਤੇਰੀ ਸ਼ੁੱਧ ਅਤੇ ਸਾਫ਼ ਬੁੱਧੀ ਦਾ ਇਸਤੇਮਾਲ ਕਰ ਅਤੇ ਬਿਨਾਂ ਥੱਕੇ, ਬਿਨਾਂ ਰੁਕੇ ਸ਼ਾਂਤਸੁਧਾ ਰਸ ਦਾ ਸੇਵਨ ਕਰਦਾ ਰਹਿ। - (8)

# 8.

## ਸੰਬਰ ਭਾਵਨਾ - ਸ਼ਲੋਕ

ਜਿਨ੍ਹਾਂ ਜਿਨ੍ਹਾਂ ਕੋਸ਼ਿਸ਼ਾਂ ਰਾਹੀਂ ਆਸ਼ਰਵਾਂ ਨੂੰ ਰੋਕਿਆ ਜਾ ਸਕਦਾ ਹੋਵੇ, ਉਨ੍ਹਾਂ ਸਾਰਿਆਂ ਦੀ ਪੂਰਨ ਰੂਪ ਵਿੱਚ ਸਮੀਖਿਆ ਕਰਕੇ ਤੂੰ ਉਨ੍ਹਾਂ ਕੋਸ਼ਿਸ਼ਾਂ ਦਾ ਆਦਰ ਕਰ ਅਤੇ ਉਨ੍ਹਾਂ ਨੂੰ ਜੀਵਨ ਵਿੱਚ ਉਤਾਰ ਲੈ। - (1)

ਇੰਦਰੀਆਂ, ਵਿਸ਼ੇ ਅਤੇ ਅਸੰਜਮ ਦੇ ਅਵੇਗਾਂ ਨੂੰ ਸੰਜਮ ਨਾਲ ਦਬਾਅ ਦੇ, ਸਮਿਅਕਤ ਨਾਲ ਮਿਥਿਆਤਵ - ਗਲਤ ਧਾਰਨਾਵਾਂ ਨੂੰ ਰੋਕ। ਆਰਤ ਅਤੇ ਰੌਦਰ ਧਿਆਨ ਨੂੰ ਸਥਿਰ ਚਿੱਤ ਦੇ ਨਾਲ ਕਾਬੂ ਕਰ। - (2)

ਖਿਮਾ ਦੇ ਰਾਹੀਂ ਕਰੋਧ ਨੂੰ, ਨਿਮਰਤਾ ਦੇ ਨਾਲ ਹੰਕਾਰ ਨੂੰ, ਸਰਲਤਾ ਦੇ ਨਾਲ ਮਾਇਆ ਨੂੰ ਅਤੇ ਸੰਤੋਖ ਰਾਹੀਂ ਸਮੁੰਦਰ ਜਿਹੇ ਵਿਸ਼ਾਲ ਲੋਭ ਨੂੰ ਕਾਬੂ ਕਰ। - (3)

ਮਨ, ਵਚਨ ਤੇ ਕਾਇਆ ਦੇ ਜਿੱਤਣ ਵਿੱਚ ਔਖੇ ਅਜਿਹੇ ਅਸ਼ੁਭ ਯੋਗਾਂ ਨੂੰ ਤਿੰਨ ਗੁਪਤੀਆਂ ਦੇ ਰਾਹੀਂ ਛੇਤੀ ਜਿੱਤ ਕੇ ਤੂੰ ਸੰਬਰ ਦੇ ਰਾਹ 'ਤੇ ਚੱਲ। ਇਸ ਨਾਲ ਤੈਨੂੰ ਮਨ ਭਾਉਂਦਾ ਮੁਕਤੀ ਦਾ ਸੁੱਖ ਮਿਲੇਗਾ। - (4)

ਇਸ ਤਰ੍ਹਾਂ ਸਾਫ ਹਿਰਦੇ ਦੇ ਰਾਹੀਂ ਆਸ਼ਰਵਾਂ ਦੇ ਦਰਵਾਜੇ ਬੰਦ ਕਰਕੇ ਸਥਿਰ ਹੋਇਆ ਜੀਵ ਆਤਮਾ ਰੂਪੀ ਜਹਾਜ ਗਿਆਨੀ ਪੁਰਸ਼ਾਂ ਦੇ ਵਚਨਾਂ ਵਿੱਚ ਸ਼ਰਧਾ ਰੂਪੀ ਝਿਲਮਿਲਾਉਂਦੇ ਪਾਲ ਨਾਲ ਸਜ ਕੇ ਸ਼ੁੱਧ ਯੋਗ ਰੂਪੀ ਹਵਾ ਦੇ ਸਹਾਰੇ ਤੈਰਦਾ ਹੋਇਆ ਮੁਕਤੀ ਤੱਕ ਪਹੁੰਚ ਜਾਂਦਾ ਹੈ। - (5)

# ਅਸ਼ਟਕ ਭਾਵਨਾ (ਗੀਤ)

ਤੂੰ ਸਿਵ ਸੁੱਖ ਦੇ ਸਾਧਨ ਰੂਪੀ ਉਪਾਅ ਨੂੰ ਸੁਣ। ਉਨ੍ਹਾਂ ਨੂੰ ਗਿਆਨ ਦਰਸ਼ਨ ਚਰਿੱਤਰ ਦੀ ਉਚਤਮ ਅਰਾਧਨਾ ਕਰ। ਇਹ ਉਪਾਅ ਜਰੂਰੀ ਫਲ ਦੇਣ ਵਾਲੇ ਹਨ। ਉਨ੍ਹਾਂ ਨੂੰ ਚੰਗੀ ਤਰ੍ਹਾਂ ਸੁਣ। - (1)

ਵਿਸ਼ੇ ਦੇ ਵਿਕਾਰਾਂ ਨੂੰ ਦੂਰ ਕਰਕੇ, ਕ੍ਰੋਧ, ਮਾਣ ਮਾਇਆ ਅਤੇ ਲੋਭ ਰੂਪੀ ਦੁਸ਼ਮਣਾਂ ਨੂੰ ਸਹਿਜ ਬਿਰਤੀ ਨਾਲ ਜਿੱਤ ਹਾਸਲ ਕਰਕੇ। ਕਸ਼ਾਇ ਮੁਕਤ ਹੋ ਕੇ ਛੇਤੀ ਹੀ ਸੰਜਮ ਦੀ ਅਰਾਧਨਾ ਕਰ। - (2)

ਕ੍ਰੋਧ ਰੂਪੀ ਅੱਗ ਨੂੰ ਬੁਝਾਉਣ ਦੇ ਲਈ ਕਰੀਬ ਕਰੀਬ ਬੱਦਲਾਂ ਤੋਂ ਉਕਸ਼ਮ (ਦਬਾਅ ਕੇ) ਭਾਵ ਦਾ ਭਲੀ ਭਾਂਤੀ ਚਿੰਤਨ ਕਰ। ਵੈਰਾਗ ਦੇ ਉੱਚਤਮ ਦਸ਼ਾ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰ। - (3)

ਵਿਕਲਪ ਦੇ ਜਾਲ ਨੂੰ ਜਲਾ ਕੇ ਆਰਤ-ਰੋਦਰ ਧਿਆਨ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦੇ। ਤੱਤਵ ਦੇ ਅਰਥਾਂ ਨੂੰ ਜਾਨਣ ਵਾਲੇ ਮਾਨਸਿਕ ਵਿਕਲਪ ਨੂੰ ਉਜਾਗਰ ਕਰਨ ਵਾਲਾ ਰਾਹ ਯੋਗ ਨਹੀਂ। ਇਸ ਲਈ ਤੂੰ ਇਸ ਤੋਂ ਦੂਰ ਰਹਿ। - (4)

ਜਾਗਰੂਪਤਾ ਦੇ ਨਾਲ ਮਾਨਸਿਕ ਸੁੱਖ ਵਾਲੇ ਸੰਜਮ ਯੋਗ ਨਾਲ ਤੇਰੇ ਸਰੀਰ ਨੂੰ ਸਾਰਥਿਕ ਕਰ। ਸੰਸਾਰ ਤਾਂ ਭਿੰਨ-ਭਿੰਨ ਫਿਰਕਿਆਂ ਦਾ ਸੁੰਨਸਾਨ ਜੰਗਲ ਹੈ। ਉਸ ਵਿੱਚ ਤੂੰ ਸ਼ੁੱਧ ਆਪਣਾ ਸ਼ੁੱਧ ਮਾਰਗ ਨਿਸ਼ਚਿਤ ਕਰ ਲੈ। - (5)

ਪਵਿੱਤਰ ਨਿਰਮਲ ਬ੍ਰਹਮ ਨੂੰ ਤੂੰ ਸਹਿਜ ਤੌਰ ਤੇ ਧਾਰਨ ਕਰ। ਗੁਣਾਂ ਦੇ ਭੰਡਾਰ ਗੁਰੂਆਂ ਦੇ ਮੁੱਖ ਤੋਂ ਨਿਕਲਣ ਵਾਲੇ ਬਚਨਾਂ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰ। - (6)

ਸੰਜਮ ਅਤੇ ਸ਼ਾਸਤਰ ਰੂਪੀ ਫੁੱਲਾਂ ਨਾਲ ਆਪਣੇ ਮਨ (ਮਾਨਸਿਕ ਸਥਿਤੀ) ਨੂੰ ਮਹਿਕਦਾ ਰੱਖ। ਗਿਆਨ ਚਾਰਿੱਤਰ ਵਗੈਰਾ ਗੁਣਾਂ ਦੇ ਪਰਿਆਏ ਰੂਪੀ ਚੇਤਨ ਨੂੰ (ਆਤਮ ਸਰੂਪ) ਨੂੰ ਚੰਗੀ ਤਰ੍ਹਾਂ ਪਛਾਣ ਲੈ। - (7)

ਪਰਮਾਤਮ ਜਿਨੇਸ਼ਵਰ ਦੇਵ ਦੇ ਜੀਵਨ ਕਥਾ ਨੂੰ ਗਾ ਕੇ ਆਪਣੇ ਆਪ ਨੂੰ ਚਮਕਾ। ਆਪਣੀ ਜੀਭ ਨੂੰ ਪਵਿੱਤਰ ਕਰ, ਵਿਨੈ ਨਾਲ ਸ਼ਾਂਤ ਰਸ ਨੂੰ ਬਾਰ ਬਾਰ ਪੀ ਕੇ ਲੰਬੇ ਸਮੇਂ ਤੱਕ ਤੂੰ ਪਰਮ ਆਨੰਦ ਨੂੰ ਪ੍ਰਾਪਤ ਕਰ।

# 9.

## ਨਿਰਜਰਾ ਭਾਵਨਾ (ਸ਼ਲੋਕ)

ਬਾਰਾਂ ਪ੍ਰਕਾਰ ਦੇ ਤਪ ਦੇ ਭੇਦਾਂ ਕਾਰਨ ਨਿਰਜਰਾ ਵੀ ਬਾਰਾਂ ਪ੍ਰਕਾਰ ਦੀ ਆਖੀ ਗਈ ਹੈ। ਵੱਖ-ਵੱਖ ਹੋਣ 'ਤੇ ਹੀ ਭੇਦ ਦਿਸਦੇ ਹਨ, ਨਹੀਂ ਤਾਂ ਅਸਲੀਅਤ ਵਿੱਚ ਨਿਰਜਰਾ ਇੱਕ ਪ੍ਰਕਾਰ ਦੀ ਹੀ ਹੈ। - 1

ਅੱਗ ਇੱਕ ਹੀ ਤਰ੍ਹਾਂ ਦੀ ਹੋਣ 'ਤੇ ਵੀ ਉਸ ਤੋਂ ਉਤਪੰਨ ਹੋਣ ਵਾਲੀ ਲੱਕੜੀ ਦਾ ਕੋਲਾ, ਚਕਮਕ ਆਦਿ ਦੇ ਕਾਰਨ ਅੱਗ ਤੋਂ ਵੱਖ ਨਾਂਅ ਦੇ ਨਾਲ ਜਾਣਿਆ ਜਾਂਦਾ ਹੈ। - 2

ਉਸੇ ਤਰ੍ਹਾਂ ਤਪ ਦੇ ਭੇਦਾਂ ਦੇ ਕਾਰਨ ਨਿਰਜਰਾ ਵੀ 12 ਪ੍ਰਕਾਰ ਦੀ ਹੁੰਦੀ ਹੈ। ਪਰ ਕਰਮ ਨਸ਼ਟ ਕਰਨ ਦੇ ਕਾਰਨ ਰੂਪ ਵਿੱਚ ਉਹ ਇੱਕ ਹੀ ਪ੍ਰਕਾਰ ਦੀ ਹੁੰਦੀ ਹੈ। - 3

ਬੜੇ ਭਾਰੀ ਪਰਬਤਾਂ ਨੂੰ ਕੱਟਣ ਦੇ ਲਈ ਬੱਜਰ ਜਿਵੇਂ ਸ਼ਕਤੀ ਰੱਖਦਾ ਹੈ, ਉਸੇ ਪ੍ਰਕਾਰ ਤਪ ਦੇ ਸਹਾਰੇ ਨਿਕਾਚਿਤ ਕਰਮ (ਪਹਿਲਾਂ ਤੋਂ ਬਣੇ, ਫਲ ਦੇਣ ਵਾਲੇ ਕਰਮ) ਵੀ ਨਸ਼ਟ ਹੋ ਜਾਂਦੇ ਹਨ। ਅਜਿਹੇ ਅਦਭੁੱਤ ਪ੍ਰਭਾਵਸ਼ਾਲੀ ਤਪ ਨੂੰ ਨਮਸਕਾਰ ਹੈ। - 4

ਤਪ ਦੇ ਪ੍ਰਭਾਵ ਦੇ ਬਾਰੇ ਕੀ ਆਖੀਏ। ਦ੍ਰਿੜ੍ਹ ਪ੍ਰਹਾਰੀ ਜਿਹੇ ਪਾਪੀ ਹੱਤਿਆਰੇ ਦੇ ਪਾਪ ਵੀ ਥੋੜ੍ਹੇ ਜਿਹੇ ਸਮੇਂ ਵਿੱਚ ਨਸ਼ਟ ਹੋ ਕੇ ਮੋਕਸ਼ ਨੂੰ ਪ੍ਰਾਪਤ ਹੋ ਗਿਆ। ਇਹੋ ਤਪ ਦਾ ਪ੍ਰਭਾਵ ਹੈ। - 5

ਜਿਵੇਂ ਅੱਗ ਸੋਨੇ ਦੇ ਨਿਰਮਲ ਰੂਪ ਨੂੰ ਪ੍ਰਗਟ ਕਰਦੀ ਹੈ, ਉਸੇ ਪ੍ਰਕਾਰ ਤਪ ਆਤਮਾ ਤੇ ਜੰਮੇ ਹੋਏ ਕਰਮਾਂ ਦਾ ਕੂੜਾ ਕਰਕਟ ਦੂਰ ਕਰਕੇ ਉਸ ਨੂੰ ਸ਼ੁੱਧ ਸਰੂਪ ਨਾਲ ਚਮਕਾਉਂਦਾ ਹੈ। - 6

ਜਿਸ ਤਪ ਦੇ ਬਾਹਰਲੇ ਤੇ ਅੰਦਰਲੇ ਭੇਦ ਹਨ, ਉਹ ਤਪ ਅੰਦਰਲੇ ਤੇ ਬਾਹਰਲੇ ਦੁਸ਼ਮਣਾਂ ਨੂੰ ਭਰਤ ਚੱਕਰਵਰਤੀ ਦੀ ਤਰ੍ਹਾਂ ਭਾਵਨਾ ਨਾਲ ਜਿੱਤ ਲੈਂਦਾ ਹੈ ਅਤੇ ਜਿਸ ਤੋਂ ਲੋਕ ਦੇਖ ਸਕਣ ਅਜਿਹੀਆਂ ਰਿੱਧੀਆਂ-ਸਿੱਧੀਆਂ ਨੂੰ ਪ੍ਰਾਪਤ ਕਰ ਲੈਂਦਾ ਹੈ। ਸਵਰਗ ਅਤੇ ਮੁਕਤੀ ਨੂੰ ਦੇਣ ਵਿੱਚ ਸਮਰੱਥ ਤਪ ਜੋ ਕਿ ਸਾਰੇ ਸੰਸਾਰ ਦੇ ਲਈ ਪੂਜਣਯੋਗ ਹੈ, ਅਜਿਹੇ ਤਪ ਨੂੰ ਮੈਂ ਨਮਸਕਾਰ ਕਰਦਾ ਹਾਂ। - 7

## ਨੌਵੀਂ ਭਾਵਨਾ (ਗੀਤ)

ਹੇ ਵਿਨੈ ! ਤੂੰ ਭਲੀ ਭਾਂਤ ਤਪ ਦੀ ਮਹਿਮਾ ਬਾਰੇ ਸੋਚ। ਇਸ ਦੇ ਪ੍ਰਭਾਵ ਤੋਂ ਜਨਮ ਜਨਮ ਦੇ ਇਕੱਠੇ ਹੋਏ ਪਾਪ ਇੱਕਦਮ ਹੀ ਘੱਟ ਹੋ ਜਾਂਦੇ ਹਨ। - 1

ਬੱਦਲਾਂ ਦਾ ਕਾਫ਼ਲਾ ਭਾਵੇਂ ਕਿੰਨਾ ਮਰਜੀ ਘਨਘੋਰ ਬਣਕੇ ਛਾਇਆ ਹੋਵੇ। ਪਰ ਹਨ੍ਹੇਰੀ ਬਣ ਕੇ ਟੁੱਟਦੀ-ਗਿਰਦੀ ਹਵਾ ਦੇ ਹੱਥੋਂ ਉਹ ਤਹਿਸ ਨਹਿਸ ਹੋ ਕੇ ਬਿਖਰ ਜਾਂਦਾ ਹੈ। ਉਸੇ ਪ੍ਰਕਾਰ ਤਪੱਸਿਆ ਦੇ ਤੇਜ ਨਾਲ ਪਾਪਾਂ ਦੀਆਂ ਕਤਾਰਾਂ ਰਾਖ ਹੋ ਜਾਂਦੀਆਂ ਹਨ। - 2

ਤਪ ਦਾ ਪ੍ਰਭਾਵ ਦੂਰ ਰਹੇ, ਮਨ ਭਾਉਂਦੇ ਪਦਾਰਥ ਨੂੰ ਆਪਣੇ ਕੋਲ ਖਿੱਚ ਲੈਂਦਾ ਹੈ। ਦੁਸ਼ਮਣ ਨੂੰ ਦੋਸਤ ਬਣਾ ਦਿੰਦਾ ਹੈ। ਇਹ ਤਪ ਤਾਂ ਜੈਨ ਆਗਮਾਂ ਦਾ ਪਰਮ ਰਹੱਸ ਰੂਪ ਹੈ। ਇਸ ਤਪ ਨੂੰ ਤੂੰ ਸੱਚੇ ਮਨ ਨਾਲ ਸਾਫ਼ ਹਿਰਦੇ ਨਾਲ ਅਪਣਾ ਲੈ। - 3

ਬਾਹਰਲੇ ਤਪ ਦੇ ਦੇ 6 ਭੇਦ ਹਨ। (1) ਅਨਸ਼ਨ (2) ਉਨੋਦਰੀ (ਭੁੱਖ ਤੋਂ ਘੱਟ ਖਾਣਾ) (3) ਬਿਰਤੀ ਸੰਖੇਪ (4) ਰਸ ਤਿਆਗ (5) ਸ਼ਾਲੀਨਤਾ (6) ਕਾਇਆ ਕਲੇਸ਼। - 4

ਇਹ ਅੰਦਰਲਾ ਤਪ ਦੇ 6 ਭੇਦ ਹਨ। (1) ਪ੍ਰਾਯਸ਼ਚਿਤ (2) ਵੈਯਾਵਿਰਤੀ (ਸੇਵਾ ਕਰਨਾ) (3) ਸਵਾਧਿਆਇ (ਪੜ੍ਹਨਾ-ਪੜ੍ਹਾਉਣਾ) (4) ਵਿਨੈ (5) ਕਾਇਓਤਸਰਗ (ਸਰੀਰ ਦਾ ਮੋਹ ਛੱਡ ਕੇ ਧਿਆਨ ਕਰਨਾ (6) ਸ਼ੁਭ ਧਿਆਨ। - 5

ਤਪ ਦੇ ਤੇਜ ਨਾਲ ਤਾਪ-ਸੰਤਾਪ ਸ਼ਾਂਤ ਹੋ ਜਾਂਦਾ ਹੈ। ਪਾਪ ਰੁਕ ਜਾਂਦੇ ਹਨ। ਇਹ ਤਪ ਮਨ ਹੰਸ ਨੂੰ ਕ੍ਰੀੜਾ ਕਰਵਾਉਂਦਾ ਹੈ। ਅਜਿਹੇ ਨਾ-ਜਿੱਤਣ ਵਾਲੇ ਮੋਹ ਨੂੰ ਵੀ ਇਹ ਤਪ ਨਸ਼ਟ ਕਰ ਦਿੰਦਾ ਹੈ। ਹਾਂ, ਇਹ ਤਪ ਇੱਛਾ ਰਹਿਤ ਹੋਣਾ ਚਾਹੀਦਾ ਹੈ। - 6

ਇਹ ਤਪ ਸੰਜਮ ਰੂਪੀ ਲੱਛਮੀ ਦਾ ਸੱਚਾ ਵਸ਼ੀਕਰਨ ਮੰਤਰ ਹੈ। ਨਿਰਮਲ ਮੁਕਤੀ ਸੁੱਖ ਦੇ ਲਈ ਵਚਨ ਰੂਪ ਹੈ। ਮਨੋ-ਕਾਮਨਾ ਪੂਰੀ ਕਰਨ ਲਈ ਚਿੰਤਾਮਣੀ ਰਤਨ ਦੇ ਤਰ੍ਹਾਂ ਹੈ। ਇਸ ਲਈ ਬਾਰ-ਬਾਰ ਤੂੰ ਇਸ ਦੀ ਅਰਾਧਨਾ ਕਰ। - 7

ਇਹ ਤਪ ਕਰਮ ਰੂਪੀ ਰੋਗਾਂ ਦੇ ਲਈ ਦਵਾਈ ਦੀ ਤਰ੍ਹਾਂ ਹੈ ਅਤੇ ਜਿਨੇਂਦਰ ਭਗਵਾਨ ਦੀ ਆਗਿਆ ਇਸ ਬਿਮਾਰੀ ਵਿੱਚ ਦਵਾਈ ਦਾ ਕੰਮ ਕਰਦੀ ਹੈ। ਸਾਰੇ ਸੁੱਖਾਂ ਦੇ ਉਪਚਾਰ ਲਈ ਇਸ ਸ਼ਾਂਤਸੁਧਾ ਰਸ ਦਾ ਤੂੰ ਸੇਵਨ ਕਰ। - 8

# 10.

## ਧਰਮ ਪ੍ਰਭਾਵ ਭਾਵਨਾ

ਸੰਸਾਰ ਦੇ ਭਲੇ ਅਤੇ ਕਲਿਆਣ ਦੇ ਲਈ ਜਿਨੇਸ਼ਵਰ ਪ੍ਰਮਾਤਮਾ ਨੇ ਦਾਨ, ਸ਼ੀਲ, ਤਪ ਅਤੇ ਭਾਵ ਇਹ ਚਾਰ ਪ੍ਰਕਾਰ ਦਾ ਧਰਮ ਦੱਸਿਆ ਹੈ। ਉਸ ਧਰਮ ਦਾ ਮੇਰੇ ਮਨ ਵਿੱਚ ਲਗਾਤਾਰ ਥਾਂ ਬਣਿਆ ਰਹੇ। - 1

ਇਸ ਪ੍ਰਕਾਰ ਦਸ ਤਰ੍ਹਾਂ ਦਾ ਪਵਿੱਤਰ ਧਰਮ ਦੱਸਿਆ ਗਿਆ ਹੈ। (1) ਸੱਚ (2) ਖਿਮਾ (3) ਮਾਰਦਵ (ਮਿਠਾਸ) (4) ਸ਼ੌਚ (ਨਿਮਰਤਾ) (5) ਸੰਗ ਤਿਆਗ (6) ਆਰਜਵ (ਸਰਲਤਾ) (7) ਬ੍ਰਹਮਚਰਜ (8) ਮੁਕਤੀ (9) ਸੰਜਮ (10) ਤਪ। - 2

ਧਰਮ ਦੇ ਪ੍ਰਭਾਵ ਦੇ ਨਾਲ ਸੂਰਜ ਅਤੇ ਚੰਦ ਇਸ ਸੰਸਾਰ 'ਤੇ ਉਪਕਾਰ ਕਰਨ ਲਈ ਲਗਾਤਾਰ ਪ੍ਰਕਾਸ਼ ਹੁੰਦੇ ਹਨ ਅਤੇ ਜਲਾਉਂਦੇ ਝੁਲਸਾਉਂਦੇ ਤਾਪ ਤੋਂ ਗਰਮ ਹੋਈ ਧਰਤੀ ਨੂੰ ਠੀਕ ਸਮੇਂ 'ਤੇ ਬਿਜਲੀ ਦੀ ਚਮਕ-ਦਮਕ ਨਾਲ ਗਰਜਦੇ ਬੱਦਲਾਂ ਨਾਲ ਪਾਣੀ ਵਰਸਾ ਕੇ ਠੰਢ ਪ੍ਰਦਾਨ ਕਰਦੇ ਹਨ। - 3

ਉਫਨਦਾ ਅਤੇ ਉੱਛਲਦਾ ਹੋਇਆ ਸਾਗਰ ਸਾਰੀ ਧਰਤੀ ਨੂੰ ਆਪਣੇ ਆਗੋਸ਼ ਵਿੱਚ ਨਹੀਂ ਡੁਬੋ ਦਿੰਦਾ ? ਬਾਘ, ਸ਼ੇਰ ਵਗੈਰਾ ਜਿਹੇ ਹਿੰਸਕ ਪਸ਼ੂ ਅਤੇ ਹਨ੍ਹੇਰੀ, ਤੂਫਾਨ, ਜੰਗਲ ਦੀ ਅੱਗ ਵੀ ਮਨੁੱਖ ਜਾਤੀ ਦਾ ਨਾਸ਼ ਨਹੀਂ ਕਰਦੇ ? ਇਹ ਸਾਰਾ ਧਰਮ ਦਾ ਪ੍ਰਭਾਵ ਹੈ। - 4

ਜਦ ਮਾਤਾ-ਪਿਤਾ, ਭਾਈ-ਭੈਣ ਸਾਰੇ ਮੂੰਹ ਫੇਰ ਲੈਂਦੇ ਹਨ, ਆਪਣੇ ਹੀ ਆਦਮੀ, ਫੌਜੀ ਦੀਨ-ਹੀਣ ਹੋ ਜਾਣ, ਧਨੁਸ਼-ਬਾਣ ਸਜਾਉਣ ਵਾਲੇ ਹੱਥ ਨੂੰ ਲਕਵਾ ਮਾਰ ਜਾਵੇ, ਅਜਿਹੇ ਬੁਰੇ ਸਮੇਂ ਕਸ਼ਟ ਅਤੇ ਵਿਪੱਤੀ ਦੇ ਸਮੇਂ

ਧਰਮ ਸਾਰੀ ਦੁਨੀਆਂ ਦੀ ਰੱਖਿਆ ਕਰਨ ਦੇ ਲਈ ਤਿਆਰ ਰਹਿੰਦਾ ਹੈ। - 5

ਜਿਸ ਧਰਮ ਦੇ ਪ੍ਰਭਾਵ ਨਾਲ ਚੱਲ ਅਤੇ ਅਚੱਲ ਵਸਤੂਆਂ ਵਾਲੇ ਤਿੰਨ ਲੋਕਾਂ ਨੂੰ ਜਿੱਤਿਆ ਜਾਂਦਾ ਹੈ, ਜੋ ਧਰਮ ਪ੍ਰਾਣੀਆਂ ਨੂੰ ਇਸ ਜਨਮ ਅਤੇ ਅਗਲੇ ਜਨਮ ਵਿੱਚ ਹਿੱਤਕਾਰੀ ਹੋ ਕੇ ਸਾਰੇ ਕੰਮਾਂ ਦੀ ਸਿੱਧੀ ਪ੍ਰਦਾਨ ਕਰਦਾ ਹੈ ਅਤੇ ਜੋ ਧਰਮ ਆਪਣੇ ਪ੍ਰਭਾਵ ਤੋਂ ਅਨੇਕਾਂ ਅਨਰਥਾਂ ਦੀ ਪੀੜ ਨੂੰ ਭਜਾ ਦਿੰਦਾ ਹੈ, ਉਸ ਮਹਾਕਰੁਣਾ ਵਾਲੇ ਧਰਮ ਨੂੰ ਮੇਰਾ ਭਾਵ ਭਰਿਆ ਨਮਸਕਾਰ ਹੋਵੇ। - 6

ਧਰਮ ਤਾਂ ਕਲਪ ਬ੍ਰਿਖ ਹੈ। ਇਹ ਸਭ ਕੁਝ ਦਿੰਦਾ ਹੈ। ਮਹਾਨ ਸਾਮਰਾਜ, ਭਾਗਵਾਨ ਪਤਨੀ, ਪੁੱਤ-ਪੋਤਿਆਂ ਨਾਲ ਭਰਿਆ ਪਰਿਵਾਰ, ਮਸ਼ਹੂਰੀ, ਸੁੰਦਰਤਾ, ਕਵੀਆਂ ਲਈ ਕਵਿਤਾ ਵਿੱਚ ਚਤੁਰਾਈ, ਬੋਲਣ ਦੀ ਕਲਾ, ਨਿਰੋਗਤਾ, ਗੁਣ-ਗ੍ਰਹਿਣ ਕਰਨ ਦੀ ਸ਼ਕਤੀ, ਸੱਜਣਤਾ, ਸਹਿਤਮੰਦ ਬੁੱਧ ਅਜਿਹੇ ਤਾਂ ਕਿੰਨੇ ਹੀ ਫਲ ਹਨ, ਅਸੀਂ ਕੀ ਦੱਸੀਏ ? - 7

## ਦਸ਼ਮ ਭਾਵਨਾ (ਗੀਤ)

ਹੇ ਜਿਨੇਸ਼ਵਰ, ਦੇਵਾਂ ਰਾਹੀਂ ਆਖੇ ਧਰਮ, ਤੂੰ ਮੇਰਾ ਪਾਲਣ ਕਰ। ਤੂੰ ਮੇਰੀ ਰੱਖਿਆ ਕਰ। ਮੇਰਾ ਬੇੜਾ ਪਾਰ ਕਰ। ਮੰਗਲਿਕ ਖੇਡਾਂ ਦੇ ਸਥਾਨ ਰੂਪ, ਰਹਿਮ ਨਾਲ ਭਰਿਆ ਧੀਰਜਮਾਨ ਮੁਕਤੀ ਸੁੱਖ ਦੇ ਸਾਧਨ ਰੂਪ, ਸੰਸਾਰ ਦੇ ਡਰ ਨੂੰ ਦੂਰ ਕਰਨ ਵਾਲਾ, ਜਗਤ ਦਾ ਅਧਾਰਭੂਤ, ਧੀਰ ਅਤੇ ਗੰਭੀਰ ਅਜਿਹੇ ਹੇ ਧਰਮ ਤੂੰ ਮੇਰਾ ਪਾਲਣ ਕਰ। - 1

ਤੇਰੇ ਪ੍ਰਭਾਵ ਕਾਰਨ ਪਾਣੀ ਨਾਲ ਭਰੀਆਂ ਛੋਟੀਆਂ ਬੱਦਲੀਆਂ ਜ਼ਮੀਨ ਨੂੰ ਭਿਜਦੀਆਂ ਹਨ, ਸ਼ਕਤੀ ਦਿੰਦੀਆਂ ਹਨ, ਸੂਰਜ ਤੇ ਚੰਦਰਮਾ ਪੈਦਾ ਹੁੰਦੇ ਹਨ, ਪ੍ਰਕਾਸ਼ ਦਿੰਦੇ ਹਨ। - 2

ਕਿਸੇ ਵੀ ਤਰ੍ਹਾਂ ਦੇ ਅਧਾਰ ਤੇ ਬਿਨਾਂ ਇਹ ਧਰਤੀ ਤੇਰੇ ਪ੍ਰਭਾਵ ਨਾਲ ਸਥਿਰ ਰਹਿੰਦੀ ਹੈ। ਸੰਸਾਰ ਦੀ ਸਥਿਤੀ ਦੇ ਮੂਲ ਸਤੰਭ ਰੂਪ ਧਰਮ ਨੂੰ ਮੈਂ ਵਿਨੈ ਸਹਿਤ ਨਮਸਕਾਰ ਕਰਦਾ ਹਾਂ। - 3

ਜੋ ਪ੍ਰਾਣੀ ਧਰਮ ਦੀ ਸ਼ਰਣ ਗ੍ਰਹਿਣ ਕਰਦੇ ਹਨ, ਉਨ੍ਹਾਂ ਸਾਰਿਆਂ ਨੂੰ ਉਹ ਦਾਨ ਸ਼ੀਲ ਸ਼ੁਭ ਭਾਵ ਅਤੇ ਤਪ ਦੇ ਰਾਹੀ ਖੁਸ਼ ਕਰਦਾ ਹੈ। ਇਸ ਤੋਂ ਬਾਅਦ ਸਭ ਪ੍ਰਕਾਰ ਦੇ ਡਰ ਤੇ ਸੋਗ ਦੂਰ ਕਰਨ ਵਾਲਾ ਧਰਮ ਹੀ ਹੈ। - 4

ਧਰਮ ਦਾ ਪਰਿਵਾਰ ਖਿਮਾ, ਸ਼ੌਚ, ਸੰਤੋਖ ਨਾਲ ਭਰਪੂਰ ਹੈ। ਧਰਮ ਸ਼ਾਸਨ ਦੇਵ - ਦਾਨਵ ਅਤੇ ਮਨੁੱਖਾਂ ਰਾਹੀ ਪੂਜਿਆ ਗਿਆ ਹੈ। ਇਹ ਧਰਮ ਅਨੇਕਾਂ ਜਨਮਾਂ ਦੀ ਪਰੰਪਰਾ ਤੋੜਨ ਵਾਲਾ ਹੈ। - 5

ਜਿਸ ਦਾ ਕੋਈ ਨਹੀਂ, ਉਸ ਦਾ ਸਹਾਇਕ ਇਹ ਧਰਮ ਹੈ। ਨਾਥ-ਹੀਨ ਸਾਰਿਆਂ ਨੂੰ ਆਸਰਾ ਦੇਣ ਵਾਲਾ ਇਹ ਧਰਮ ਹੈ ਅਤੇ ਧਰਮ ਤੇਰੇ ਸਮਾਨ ਸਹਾਇਕ ਨੂੰ ਛੱਡ ਕੇ ਜੀਵ ਦੁੱਖਦਾਈ ਜਨਮ ਰੂਪੀ ਜੰਗਲ ਵਿੱਚ ਭਟਕ ਜਾਂਦਾ ਹੈ। - 6

ਧਰਮ - ਤੇਰੀ ਕ੍ਰਿਪਾ ਨਾਲ ਭਿਆਨਕ ਜੰਗਲ, ਨਗਰ ਵਿੱਚ ਬਦਲ ਜਾਂਦੇ ਹਨ। ਅੱਗ ਪਾਣੀ ਬਣ ਜਾਂਦੀ ਹੈ। ਵਿਸ਼ਾਲ ਸਮੁੰਦਰ ਸਮਤਲ ਧਰਤੀ ਹੋ ਜਾਂਦਾ ਹੈ। ਤੇਰੀ ਕ੍ਰਿਪਾ ਨਾਲ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਹੁਣ ਤੇਰੇ ਤੋਂ ਸਿਵਾਏ ਸਾਨੂੰ ਕਿਸੇ ਨਾਲ ਕੀ ਮਤਲਬ ? - 7

ਇਸ ਜਨਮ ਵਿੱਚ 10 ਪ੍ਰਕਾਰ ਦਾ ਧਰਮ ਹਮੇਸ਼ਾ ਸੁੱਖ ਦਿੰਦਾ ਹੈ। ਅਗਲੇ ਜਨਮ ਵਿੱਚ ਇੰਦਰ ਵਗੈਰਾ ਦੀ ਪਦਵੀ ਮਿਲਦੀ ਹੈ ਅਤੇ ਪਰੰਪਰਾ

ਨਾਲ ਮੁਕਤੀ ਸੁੱਖ ਦੇ ਸਾਧਨ ਰੂਪ ਵਿੱਚ ਗਿਆਨ ਵਗੈਰਾ ਦੇ ਗੁਣਾਂ ਦਾ ਭੰਡਾਰ ਮਿਲਦਾ ਹੈ। - 8

ਸਾਰੇ ਤੰਤਰਾਂ ਦਾ ਮੱਖਣ, ਸਾਰ ਭੂਤ, ਮੁਕਤੀ ਮੰਜ਼ਿਲ ਦੀ ਪੌੜੀ ਅਤੇ ਵਿਨੀਤ ਮਨੁੱਖਾਂ ਨੂੰ ਸਹਿਜ ਰੂਪ ਵਿੱਚ ਪ੍ਰਾਪਤ ਸ਼ਾਂਤ ਅੰਮ੍ਰਿਤ ਰਸ ਦੇ ਸੇਵਨ ਲਈ ਹੇ ਧਰਮ, ਤੇਰੀ ਜੈ ਹੋਵੇ, ਤੇਰੀ ਵਿਜੈ ਹੋਵੇ। - 9

# 11.

## ਗਿਆਰਵੀਂ ਭਾਵਨਾ - ਲੋਕ ਸਰੂਪ ਭਾਵਨਾ

ਇੱਕ ਦੂਸਰੇ ਦੇ ਹੇਠਾਂ ਰਹੀ ਹੋਈ ਅਤਿਅੰਤ ਵਿਸ਼ਾਲ, ਛੱਤਰ ਦੇ ਅਕਾਰ ਵਾਲੀ ਜੋ ਰਤਨਪ੍ਰਭਾ (ਨਰਕ ਦੀਆਂ) ਅਵਹੈਰਾ ਭੂਮੀਆਂ ਹਨ, ਉਨ੍ਹਾਂ ਵਿਚ ਅਧੋ-ਲੋਕ ਫੈਲਿਆ ਹੋਇਆ ਹੈ। ਉਸ ਲੋਕ ਪੁਰਸ਼ ਦੇ ਦੋ ਚੌੜੇ ਪੈਰਾਂ ਦੇ ਵਿੱਚ 7 ਰਾਜੂਲੋਕ ਜਗ੍ਹਾ ਵਿੱਚ ਉਹ ਨਰਕ ਭੂਮੀਆਂ ਸਥਿਤ ਹਨ। - 1

ਤਿਰਛੇ ਲੋਕ (ਮੱਧ ਲੋਕ) ਦਾ ਵਿਸਥਾਰ ਇੱਕ ਰਾਜੂ ਦੇ ਨਾਪ ਵਾਲਾ ਹੈ। ਇਸ ਵਿੱਚ ਅਤਿਅੰਤ ਦੀਪ ਤੇ ਸਮੁੰਦਰ ਸ਼ਾਮਲ ਹਨ। ਜੋਤਿਸ਼ ਚੱਕਰ ਦਾ ਸਥਾਨ ਸੁੰਦਰ ਕਟੀ-ਸੂਤਰ ਕਮੋਰੇ ਦੇ ਰੂਪ ਵਿੱਚ ਹੈ। ਲੋਕ ਪੁਰਸ਼ ਦਾ ਲੱਕ ਵਾਲਾ ਬਹੁਤ ਪਤਲਾ ਅਤੇ ਸੁੰਦਰ ਹੈ। - 2

ਉਸ ਦੇ ਉਪਰਲੇ ਹਿੱਸੇ ਵਿੱਚ ਉਰਧਵ ਲੋਕ (ਦੇਵ ਲੋਕ) ਦੇ ਕੋਲ ਦੋ ਕੋਹਣੀਆਂ ਦਾ ਵਿਸਥਾਰ ਪੰਜ ਰਾਜੂ ਲੋਕ ਹੈ। ਉਸ ਦੇ ਉਪਰ ਇੱਕ ਰਾਜੂ ਲੋਕ ਤੋਂ ਬਾਅਦ ਲੋਕਾਂਤ ਆਉਂਦਾ ਹੈ। ਜਿਸ ਦੇ ਸਿਰੇ 'ਤੇ ਸਿੱਧ ਪ੍ਰਮਾਤਮਾ ਦੀ ਜੋਤੀ ਬਿਰਾਜਮਾਨ ਹੈ। - 3

ਜਿਸ ਨੇ ਆਪਣੇ ਦੋਵੇਂ ਪੈਰ, ਚੌੜੇ ਕਰਕੇ ਜ਼ਮੀਨ 'ਤੇ ਮਜ਼ਬੂਤੀ ਨਾਲ ਰੱਖੇ ਹੋਏ ਹਨ, ਜੋ ਆਪਣੀ ਕਮਰ ਉੱਤੇ ਦੋਵੇਂ ਹੱਥ ਲਗਾਈ ਬੈਠਾ ਹੈ, ਅਤੇ ਅਨਾਦਿ ਕਾਲ ਤੋਂ ਇੱਕਦਮ ਸਿੱਧਾ ਖੜ੍ਹਾ ਰਹਿਣ 'ਤੇ ਵੀ ਜਿਸ ਦੇ ਚਿਹਰੇ 'ਤੇ ਥਕਾਨ ਦੇ ਚਿੰਨ੍ਹ ਦਿਸਦੇ ਹੋਏ ਵੀ ਉਹ ਆਪਣੇ ਆਪ ਨੂੰ ਕਾਬੂ ਰੱਖਣ ਦੇ ਨਾਲ ਘਬਰਾਉਂਦਾ ਨਹੀਂ। - 4

ਇਸ ਲੋਕ ਪੁਰਸ਼ ਨੂੰ ਸਮਝੋ। ਇਹ 6 ਦ੍ਰਵ ਰੂਪ ਹੈ। ਕਿਸੇ ਨੇ ਬਣਾਇਆ ਨਹੀਂ। ਆਦਿ-ਅੰਤ ਤੋਂ ਰਹਿਤ ਹੈ। ਉਹ ਚਹੁੰ ਪਾਸੇ ਤੋਂ, ਧਰਮ (ਚੱਲਣ ਵਿੱਚ ਸਹਾਇਕ), ਅਧਰਮ (ਰੁਕਣ ਵਿੱਚ ਸਹਾਇਕ), ਅਕਾਸ਼ (ਸਾਰੇ

ਦਰੱਵਾਂ ਨੂੰ ਥਾਂ ਦੇਣ ਵਾਲਾ), ਕਾਲ, ਆਤਮਾ (ਜੀਵ), ਪੁਦੱਗਲ ਵਗੈਰਾ ਦ੍ਰਵਾਂ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਹੈ। – 5

ਆਪਣੇ ਭਿੰਨ-ਭਿੰਨ ਰੂਪ ਲੈ ਕੇ ਕਾਲ, ਪੁਰਸਾਰਥ, ਸੁਭਾਅ, ਨੀਅਤੀ ਅਤੇ ਕਰਮ ਰੂਪੀ ਬਾਜਿਆਂ ਦੀ ਅਵਾਜ਼ 'ਤੇ ਨੱਚਦਾ ਹੋਇਆ ਪੁਦੱਗਲ ਅਤੇ ਨਾਟਕ ਕਰਦੇ ਹੋਏ ਜੀਵ ਆਤਮਾ ਦੇ ਲਈ ਇਹ ਸੰਸਾਰ ਨਾਟਕਸ਼ਾਲਾ ਹੈ। – 6

ਇਸ ਪ੍ਰਕਾਰ ਲੋਕ ਪੁਰਸ਼ ਦਾ ਚਿੰਤਨ ਜੇ ਭਿੰਨ-ਭਿੰਨ ਦ੍ਰਿਸ਼ਟੀਕੋਣ ਤੋਂ ਕੀਤਾ ਜਾਵੇ ਤਾਂ ਮਨ ਨੂੰ ਸਥਿਰ ਕਰਨ ਵਿੱਚ ਸਹਾਇਕ ਹੁੰਦਾ ਹੈ ਅਤੇ ਮਨ ਨੂੰ ਜੇ ਸਥਿਰਤਾ ਮਿਲ ਜਾਵੇ ਤਾਂ ਅਧਿਆਤਮ ਸੁੱਖ ਸਰਲਤਾ ਨਾਲ ਪ੍ਰਾਪਤ ਹੋ ਸਕੇਗਾ।

## ਗਿਆਰਵੀਂ ਭਾਵਨਾ – (ਗੀਤ)

ਹੇ ਵਿਨੈ ! ਤੂੰ ਦਿਲ ਵਿੱਚ ਸ਼ਾਸਵਤ ਲੋਕ ਅਕਾਸ਼ ਦਾ ਚਿੰਤਨ ਕਰ। ਉਹ ਲੋਕਾਂ ਅਕਾਸ਼ ਸਾਰੇ ਚੱਲ-ਅਚੱਲ ਨੂੰ ਧਾਰਨ ਕਰਨ ਵਾਲਾ ਹੋਣ ਕਰਕੇ ਦ੍ਰਵ ਨੂੰ ਆਸਰਾ ਦਿੰਦਾ ਹੈ। – 1

ਅਲੋਕ ਨਾਲ ਘਿਰਿਆ ਇਹ ਲੋਕ ਪ੍ਰਕਾਸ਼ਮਾਨ ਹੈ ਅਤੇ ਇਸ ਦੇ ਵਿਸਥਾਰ ਦੀ ਸੀਮਾ ਨੂੰ ਨਾਪਣਾ ਅਸੰਭਵ ਹੈ। ਫਿਰ ਵੀ ਧਰਮਾਸਤਿਕ ਕਾਇਆ ਵਗੈਰਾ ਪੰਜ ਦਰੱਵਾਂ ਦੇ ਸਹਾਰੇ ਉਸ ਦੀ ਸੀਮਾ ਨਿਸ਼ਚਿਤ ਤਾਂ ਹੈ ਹੀ। – 2

ਜਦ ਜਿਨੇਸ਼ਵਰ ਪ੍ਰਮਾਤਮਾ, ਆਤਮਾ ਦਾ ਸਮੁੱਧਘਾਤ (ਅਰਿਹੰਤ ਦੇ ਅੰਤ ਸਮੇਂ ਹੋਣ ਵਾਲੀ) ਨਾਮ ਦੀ ਕਿਰਿਆ ਕਰਦੇ ਹਨ, ਤਦ ਉਸ ਨੂੰ ਪੂਰੇ ਸਰੀਰ ਵਿੱਚ ਭਰ ਦਿੰਦੇ ਹਨ। ਪ੍ਰਾਣੀ ਅਤੇ ਪ੍ਰਮਾਣੂਆਂ ਦੀਆਂ ਅਨੇਕਾਂ ਪ੍ਰਕਾਰ

ਦੀਆਂ ਕਿਰਿਆਵਾਂ ਅਤੇ ਉਨ੍ਹਾਂ ਦੇ ਗੁਣਾਂ ਦੇ ਲਈ ਇਹ ਸਰੀਰ ਮੰਦਿਰ ਰੂਪ ਹੈ। - 3

ਇਹ ਲੋਕਾਕਾਸ਼ ਇੱਕ ਰੂਪ ਹੈ। ਫਿਰ ਵੀ ਪੁਦੱਗਲ ਦੇ ਰਾਹੀ ਭਿੰਨ-ਭਿੰਨ ਸ਼ਕਲਾਂ ਬਣਾਉਂਦਾ ਹੈ। ਉਹ ਕਿਤੇ ਮੇਰੂ ਪਰਬਤ ਦੀ ਤਰ੍ਹਾਂ ਉੱਚਾ ਹੈ, ਕਿਤੇ ਡੂੰਘੀ ਖਾਈ ਦੀ ਤਰ੍ਹਾਂ ਦਿਖਾਈ ਦਿੰਦਾ ਹੈ। - 4

ਕਿਤੇ ਉਹ ਦੇਵਤਿਆਂ ਦੇ ਮਨੀ ਮੰਦਿਰਾਂ ਤੋਂ ਖੂਬਸੂਰਤ ਹੋ ਕੇ ਚਮਕਦਾ ਹੈ ਤੇ ਕਿਤੇ ਘੋਰ ਹਨ੍ਹੇਰੇ ਰੂਪੀ ਨਰਕ ਆਦਿ ਦੇ ਕਾਰਨ ਡਰਾਉਣਾ ਤੇ ਘ੍ਰਿਣਾ ਯੋਗ ਲੱਗਦਾ ਹੈ। - 5

ਕਿਸੇ ਪ੍ਰਦੇਸ਼ ਵਿੱਚ ਉਤਸਵ ਦੇ ਰੰਗਾਂ ਦੀ ਮਸਤੀ ਹੈ, ਕਿਤੇ ਮੰਗਲ ਗੀਤਾਂ ਬਸਤੀ ਹੈ, ਕਿਤੇ ਭਾਰੀ ਗਰਜਨਾ, ਅਵਾਜ, ਚੀਖ-ਚਿਲਾਹਟ, ਭਾਰੀ ਸਾਹ ਅਤੇ ਹਾਏ, ਸੋਗ ਤੇ ਦੁੱਖ ਦੀਆਂ ਘਟਾਵਾਂ ਬਰਸਦੀਆਂ ਹਨ। - 6

ਜਨਮ ਮਰਨ ਦੇ ਚੱਕਰ ਵਿੱਚ ਉਲਝੇ ਪ੍ਰਾਣੀਆਂ ਨੇ ਆਸ ਵਿੱਚ ਬਹੁਤਾਂ ਤਰ੍ਹਾਂ ਦੇ ਰਿਸ਼ਤੇ ਜੋੜੇ ਹਨ, ਬੰਨ੍ਹੇ ਹਨ ਅਤੇ ਤੋੜੇ ਹਨ, ਮਰੋੜੇ ਹਨ। - 7

ਜੇ ਤੈਨੂੰ ਇਸ ਜਨਮ ਮਰਨ ਰੂਪੀ ਸੰਸਾਰ ਦੀ ਘੁੰਮਣ ਘੇਰੀ ਤੋਂ ਥਕਾਨ ਮਹਿਸੂਸ ਹੋਈ ਹੋਵੇ ਤਾਂ ਜੋ ਭਗਵਾਨ ਸ਼ਾਂਤਸੁਧਾ ਰਸ ਦਾ ਸੇਵਨ ਕਰਕੇ ਵਿਨੈਵਾਨ ਜੀਵਾਂ ਦੀ ਰੱਖਿਆ ਕਰਦੇ ਹਨ, ਉਨ੍ਹਾਂ ਭਗਵਾਨ ਨੂੰ ਭਾਵਪੂਰਵਕ ਨਮਸਕਾਰ ਕਰ। - 8

# 12.

## ਬੋਧੀ ਦੁਰਲਭ ਭਾਵਨਾ (ਸ਼ਲੋਕ)

ਹੇ ਵਿਸ਼ਾਲ ਬੁੱਧੀ ਦੇ ਮਾਲਕ ਪ੍ਰਾਣੀ ! ਜਿਸ ਦੇ ਪ੍ਰਭਾਵ ਨਾਲ ਦੇਵ ਲੋਕ ਨੂੰ ਅਚੰਭਾ ਦੇਣ ਵਾਲੀ ਸੁੱਖ ਸੰਪਤੀ ਮਿਲਦੀ ਹੈ, ਅਨੇਕਾਂ ਪ੍ਰਕਾਰ ਦਾ ਖੁਸ਼ੀ ਅਨੰਦ ਮਿਲਦਾ ਹੈ, ਅਤੇ ਅਗਲੇ ਜਨਮ ਵਿੱਚ ਉੱਤਮ ਕੁਲ ਵਿੱਚ ਜਨਮ ਹੁੰਦਾ ਹੈ। ਬ੍ਰਹਮ ਵਰਗੀ ਉੱਚੀ ਪਦਵੀ ਪ੍ਰਾਪਤ ਹੁੰਦੀ ਹੈ, ਜੋ ਸੁੰਦਰ ਹੈ, ਮਿਲਣੀ ਔਖੀ ਹੈ, ਉਸ ਬੋਧੀ ਰਤਨ ਦੀ ਸ਼ਰਧਾ ਨਾਲ ਤੁਸੀਂ ਉਪਾਸਨਾ ਕਰੋ। - 1

ਨਿਗੋਦ (ਗੰਦਗੀ ਵਿੱਚ ਪੈਦਾ ਹੋਣ ਵਾਲੇ ਸੂਖਮ ਜੀਵ) ਦੇ ਹਨ੍ਹੇਰੇ ਖੂਹ ਵਿੱਚ ਪਏ ਹੋਏ ਅਤੇ ਜਨਮ ਮਰਨ ਦੇ ਚੱਕਰ ਵਿੱਚ ਫਸ ਕੇ ਦੁਖੀ ਹੋ ਉੱਠੇ ਜੀਵ ਆਤਮਾ ਦੇ ਭਾਵਾਂ ਦੀ ਅਜਿਹੀ ਸ਼ੁੱਧੀ ਕਿੱਥੇ ਹੋਵੇਗੀ ਕਿ ਜਿਸ ਦੇ ਰਾਹੀ ਉਹ ਨਿਗੋਦ ਤੋਂ ਬਾਹਰ ਆ ਸਕੇ। - 2

ਮੰਨਿਆ ਇਹ ਸੂਖਮ ਨਿਗੋਦ ਤੋਂ ਬਾਹਰ ਵੀ ਆ ਜਾਣ ਤਾਂ ਉਹ ਪ੍ਰਾਣੀ ਨੂੰ ਬਾਦਰ, ਸਥਾਵਰ ਜੀਵ ਦੀ ਪ੍ਰਾਪਤੀ ਹੁੰਦੀ ਹੈ। ਤਰੱਸ (ਹਿੱਲਣ ਚੱਲਣ ਵਾਲੇ) ਜੀਵ ਦੀ ਗਤੀ ਤਾਂ ਦੁਰਲਭ ਹੈ। ਤਰੱਸ ਵਿੱਚ ਵੀ ਪੰਜ ਇੰਦਰੀਆਂ ਅਤੇ ਉਹ ਵੀ ਸਾਰੀਆਂ ਪਰਿਆਪਤੀਆਂ (ਸ਼ਕਤੀਆਂ) ਤੋਂ ਪੂਰਨ ਪ੍ਰਾਪਤ ਹੋਣਾ ਮੁਸ਼ਕਿਲ ਹੈ। ਸੰਗੀ ਮਨ ਵਾਲੇ (ਵਿਕਸਿਤ ਮਨ ਵਾਲੇ) ਅਵੱਸਥਾ ਮਿਲ ਵੀ ਜਾਵੇ ਤਾਂ ਉਮਰ ਦੀ ਸਥਿਰਤਾ ਅਤੇ ਮਨੁੱਖੀ ਜੀਵਨ ਮਿਲਣਾ ਬਹੁਤ ਹੀ ਮੁਸ਼ਕਿਲ ਅਤੇ ਕਠਿਨ ਹੈ। - 3

ਬਹੁਤ ਪੁੰਨ ਦੇ ਕਾਰਨ ਜੇ ਮਨੁੱਖੀ ਦੇਹ ਪ੍ਰਾਪਤ ਕਰਕੇ ਵੀ ਉਹ ਮੂਰਖ ਤੇ ਪਾਗਲ ਪ੍ਰਾਣੀ ਮੋਹ ਅਤੇ ਮਿੱਥਿਆਤਵ ਮਾਇਆ ਕਪਟ ਦੇ ਜਾਲ ਵਿੱਚ ਉਲਝ ਜਾਂਦਾ ਹੈ। ਆਖ਼ਿਰ ਭਟਕਦਾ ਭਟਕਦਾ ਉਹ ਸੰਸਾਰ ਦੇ ਡੂੰਘੇ ਖੂਹ ਵਿੱਚ ਚਲਾ ਜਾਂਦਾ ਹੈ। - 4

ਮਤ-ਮੱਤਾਂਤਰਾਂ ਅਤੇ ਵੱਖ ਵੱਖ ਰਾਹਾਂ ਦਾ ਜੰਗਲ ਬਾਹਰ ਆ ਗਿਆ ਹੈ। ਕਦਮ ਕਦਮ 'ਤੇ ਆਪਣੇ ਆਪ ਨੂੰ ਬੁੱਧੀਸ਼ਾਲੀ ਮੰਨਦਾ ਹੋਇ ਲੋਕ ਜੀਵਾਂ ਨੂੰ ਭਿੰਨ-ਭਿੰਨ ਤਰਕ-ਵਿਤਰਕ ਕਰਕੇ ਆਪਣੀ ਮਾਨਤਾ ਦੇ ਜਾਲ ਵਿੱਚ ਫਸਾਉਂਦੇ ਹਨ। ਇਸ ਸਮੇਂ ਨਾ ਤਾਂ ਦੇਵਤਿਆਂ ਦਾ ਸਾਥ ਪ੍ਰਾਪਤ ਹੈ, ਨਾ ਕੋਈ ਵਿਸ਼ੇਸ਼ ਚਮਤਕਾਰ ਦੀ ਸੰਭਾਵਨਾ ਹੈ। ਅਜਿਹੇ ਸਮੇਂ ਵਿੱਚ ਤਾਂ ਜੋ ਆਤਮਾ ਧਰਮ 'ਤੇ ਸਰਧਾਵਾਨ ਹੋਵੇਗਾ, ਉਹੀ ਭਾਗਸ਼ਾਲੀ ਅਖਵਾਏਗਾ। - 5

ਜਦ ਤੱਕ ਇਹ ਸਰੀਰ ਬਿਮਾਰੀਆਂ ਨਾਲ ਨਹੀਂ ਘਿਰਿਆ, ਜਦ ਤੱਕ ਬੁਢਾਪੇ ਦਾ ਸਿੱਕਾ ਸਰੀਰ 'ਤੇ ਨਹੀਂ ਲੱਗਿਆ, ਜਦ ਤੱਕ ਇੰਦਰੀਆਂ ਆਪਣੇ ਆਪਣੇ ਵਿਸ਼ਿਆਂ ਵਿੱਚ ਤਾਕਤਵਰ ਹਨ, ਮੌਤ ਦੇ ਪਰਛਾਵੇਂ ਜਿੰਦਗੀ ਦੀ ਧਰਤੀ 'ਤੇ ਉਤਰ ਨਹੀਂ ਜਾਂਦੇ, ਤਦ ਤੱਕ ਸਮਝਦਾਰ ਤੇ ਵਿਵੇਕੀ ਨੂੰ ਆਪਣੇ ਭਲੇ ਦੇ ਲਈ ਪੁਰਸ਼ਾਰਥ ਕਰ ਲੈਣਾ ਚਾਹੀਦਾ ਹੈ। ਸਰੋਵਰ ਦੇ ਪਾਣੀ ਜੋਰ ਸ਼ੋਰ ਨਾਲ ਬਹਿਣ ਲੱਗੇ ਫਿਰ ਕਿਨਾਰਾ ਜਾਂ ਪੱਥਰ ਦੀ ਦੀਵਾਰ ਖੜ੍ਹੀ ਕਰਨ ਦਾ ਕੋਈ ਮਤਲਬ ਨਹੀਂ ਰਹਿੰਦਾ। - 6

ਇਹ ਸਰੀਰ ਛਿੰਨ ਛਿੰਨ ਦੁੱਖਾਂ ਦਾ ਘਰ ਹੈ। ਉਮਰ ਦਾ ਕੋਈ ਭਰੋਸਾ ਨਹੀਂ। ਫਿਰ ਵੀ ਪਤਾ ਨਹੀਂ ਕਿਸ ਸਹਾਰੇ ਨੂੰ ਪ੍ਰਾਪਤ ਕਰਕੇ ਮੂਰਖ ਜੀਵ ਆਪਣੇ ਭਲੇ ਨਾਲ ਅੱਖ ਮਿਚੋਲੀ ਕਰ ਰਿਹਾ ਹੈ। - 7

## ਬਾਰ੍ਹਵੀਂ ਭਾਵਨਾ (ਗੀਤ)

ਤੂੰ ਗਿਆਨ ਨੂੰ ਪ੍ਰਾਪਤ ਕਰ। ਗਿਆਨਵਾਨ ਬਣ। ਜਾਗ੍ਰਿਤ ਹੋ ਕੇ ਬੋਧੀ ਸੱਮਿਅਕ ਦਰਸ਼ਨ ਨੂੰ ਪ੍ਰਾਪਤ ਕਰ ਕਿਉਂਕਿ ਇਹ ਬਹੁਤ ਦੁਰਲਭ ਹੈ। ਸਮੁੰਦਰ ਦੀਆਂ ਡੂੰਘਾਈਆਂ, ਡੂੰਘੇ ਪਾਣੀ ਵਿੱਚ ਗਿਰੇ ਹੋਏ ਦੈਵੀ ਰਤਨ ਦੀ ਤਰ੍ਹਾਂ ਦੁਰਲਭ ਅਜਿਹੇ ਬੋਧੀ ਦੀ ਤੂੰ ਉਪਾਸਨਾ ਕਰ। ਆਪਣੇ ਭਲੇ ਦੀ

ਸਾਧਨਾ ਕਰ ਲੈ ਅਤੇ ਤੇਰੀ ਆਤਮ ਸ਼ਕਤੀ ਦੇ ਪ੍ਰਭਾਵ ਨਾਲ ਨਰਕ ਆਦਿ ਦੇ ਦਰਵਾਜੇ ਬੰਦ ਕਰ। - 1

ਡਰਾਉਣ ਸੰਸਾਰ ਰੂਪੀ ਜੰਗਲ ਨਿਗੋਦ ਆਦਿ ਦੀ ਸਰੀਰਿਕ ਸਥਿਤੀ ਤੋਂ ਕਾਫੀ ਫੈਲਿਆ ਹੋਇਆ ਹੈ। ਇਸ ਜੰਗਲ ਵਿੱਚ ਮੋਹ ਮਿਥਿਆਤਵਵਾਦੀ ਲੁਟੇਰੇ ਰਹਿੰਦੇ ਹਨ। ਉਸ ਵਿੱਚ ਭਟਕਦੇ ਭਟਕਦੇ ਚੱਕਰਵਰਤੀ ਦੇ ਭੋਜਨ ਦੀ ਤਰ੍ਹਾਂ ਮਨੁੱਖ ਦਾ ਜਨਮ ਮਿਲਣਾ ਅਤਿ ਦੁਰਲੱਭ ਹੈ। - 2

ਸੰਸਾਰ ਵਿੱਚ ਮਨੁੱਖ ਜਨਮ ਜੇ ਅਨਾਰੀਆ ਦੇਸ਼ ਵਿੱਚ ਮਿਲਦਾ ਹੈ ਤਾਂ ਉਹ ਉਲਟਾ ਨੁਕਸਾਨ ਕਰਦਾ ਹੈ ਕਿਉਂਕਿ ਜੀਵ ਹਿੰਸਾ ਆਦਿ ਤਰ੍ਹਾਂ ਤਰ੍ਹਾਂ ਦੇ ਪਾਪਾਂ ਦਾ ਸਹਾਰਾ ਲੈ ਕੇ ਉਹ ਲੋਕ ਆਖਿਰ ਨਰਕ ਭੂਮੀ ਵਿੱਚ ਜਨਮ ਲੈਂਦੇ ਹਨ। - 3

ਆਰਿਆ ਦੇਸ਼ ਵਿੱਚ ਉੱਚ ਕੁਲ ਵਿੱਚ ਪੈਦਾ ਹੋਏ ਪ੍ਰਾਣੀ ਨੂੰ ਧਰਮ ਜਾਨਣ ਦੀ ਇੱਛਾ ਬੜੀ ਔਖੀ ਗੱਲ ਹੈ। ਮੈਥੁਨ, ਪਰਿਗ੍ਰਹਿ, ਭੈਅ ਅਤੇ ਅਹਾਰ ਸੰਗਿਆ ਦੀ ਪੀੜ ਵਿੱਚ ਕੁਲਬੁਲਾਉਂਦਾ ਹੋਇਆ ਇਹ ਸੰਸਾਰ ਵਚਿੱਤਰ ਸਥਿਤੀ ਦਾ ਸ਼ਿਕਾਰ ਹੋ ਰਿਹਾ ਹੈ। - 4

ਸ਼ਾਇਦ ਧਰਮ ਤੱਤਵ ਨੂੰ ਸਮਝਣ ਦੀ ਇੱਛਾ ਜਾਗੇ ਤਾਂ ਗੁਰੂ ਚਰਨਾਂ ਵਿੱਚ ਬੈਠ ਕੇ ਧਰਮ ਗ੍ਰੰਥਾਂ ਨੂੰ ਸੁਣਨਾ ਬਹੁਤ ਔਖਾ ਹੈ। ਗਲਤ ਧਾਰਨਾਵਾਂ ਦੇ ਸ਼ਿਕਾਰ ਹੋ ਕੇ ਵਿਕਥਾ ਦੇ ਜਕੜ ਵਿੱਚ ਫਸ ਕੇ ਜੀਵ ਆਤਮਾਂ ਵਿਸ਼ੇ-ਕਸ਼ਾਇ ਦੇ ਵਿੱਚ ਫਸ ਦੇ ਚਿੱਤ ਦੀ ਇਕਾਗਰਤਾ ਨੂੰ ਗੰਦਾ ਕਰਦਾ ਹੈ। - 5

ਧਰਮ ਸੁਣ ਕੇ, ਸਮਝ ਕੇ, ਅਤੇ ਉਸ ਤੋਂ ਗਿਆਨ ਪ੍ਰਾਪਤ ਕਰਕੇ ਆਤਮਾ ਗਿਆਨ ਕਾਰਜ ਵਿੱਚ ਲੱਗਦਾ ਹੈ ਤਾਂ ਰਾਗ-ਦਵੇਸ਼, ਆਲਸ, ਮਿਹਨਤ, ਨੀਂਦ ਆਦਿ ਅੰਦਰਲੇ ਦੁਸ਼ਮਣ ਉਸ ਦਾ ਰਾਹ ਰੋਕਦੇ ਹਨ। ਚੰਗੇ ਕੰਮਾਂ ਦਾ ਮੌਕਾ ਹੱਥੋਂ ਵਿੱਚੋਂ ਫਿਸਲ ਜਾਂਦਾ ਹੈ। - 6

ਲੱਖ ਚੁਰਾਸੀ ਦੀ ਘੁੰਮਣ ਘੇਰੀ ਵਿੱਚ ਕਿਸੇ ਜਗ੍ਹਾ 'ਤੇ ਤੁਹਾਨੂੰ ਚੰਗੀ ਗੱਲ ਸੁਣਨ ਨੂੰ ਮਿਲੀ ਹੈ ? ਜ਼ਿਆਦਾਤਰ ਤਾਂ ਦੁਨੀਆਂ ਦੇ ਦੀਵਾਨ ਵਿਚ ਮਾਨ, ਖਾਣਾ ਪੀਣਾ ਅਤੇ ਅਰਾਮ ਦੀਆਂ ਗੱਲਾਂ ਵਿੱਚ ਹੀ ਸਾਰੇ ਲੋਕ ਸਮਾਂ ਖਿਤਾਉਦੇ ਹਨ। - 7

ਇਸ ਤਰ੍ਹਾਂ ਔਖੀ ਦੁਰਲਭ ਤੋਂ ਦੁਰਲਭ ਅਜਿਹੇ ਗੁਣ ਸੰਪੰਨ ਬੋਧੀ ਰਤਨ ਨੂੰ ਪ੍ਰਾਪਤ ਕਰਕੇ ਤੈਨੂੰ ਵਿਨੈ ਨਾਲ ਸ਼ਾਂਤਸੁਧਾ ਰਸ ਦਾ ਸੇਵਨ ਕਰਨਾ ਚਾਹੀਦਾ ਹੈ। ਇਹੀ ਇਸ ਦਾ ਉੱਤਮ ਪ੍ਰਯੋਗ ਹੈ। - 8

# ਮੈਤ੍ਰੀ ਭਾਵਨਾ

## ਪ੍ਰਸਤਾਵਨਾ ਸ਼ਲੋਕ

ਤੀਰਥੰਕਰ ਭਗਵਾਨ ਨੇ ਮੈਤ੍ਰੀ ਵਗੈਰਾ ਚਾਰ ਸੁੰਦਰ ਭਾਵਨਾਵਾਂ ਧਰਮ. ਧਿਆਨ ਦੀ ਖੋਜ ਕਰਨ ਲਈ ਦੱਸੀਆਂ ਹਨ। - 1

ਮੈਤ੍ਰੀ ਪ੍ਰਮੋਦ. ਕਰੁਣਾ ਅਤੇ ਮਾਧਿਅਸਥ ਇਹ ਚਾਰ ਭਾਵਨਾਵਾਂ ਰਾਹੀਂ ਧਰਮ ਧਿਆਨ ਵਿੱਚ ਲੱਗਣਾ ਚਾਹੀਦਾ ਹੈ। ਕਿਉਂਕਿ ਭਾਵਨਾ ਦਾ ਸੁਪਰਦ ਪਾ ਕੇ ਧਰਮ ਧਿਆਨ ਰਸਾਇਣ ਬਣ ਜਾਂਦਾ ਹੈ। - 2

| | |
|---|---|
| ਮੈਤ੍ਰੀ | ਦੂਸਰਿਆਂ ਦੇ ਭਲੇ ਦਾ ਫ਼ਿਕਰ ਕਰਨਾ। |
| ਪ੍ਰਮੋਦ | ਗੁਣਾਂ ਦੇ ਪ੍ਰਤੀ ਆਦਰ। |
| ਕਰੁਣਾ : | ਦੁਖੀ ਜੀਵਾਂ ਦੇ ਦੁੱਖ ਦੂਰ ਕਰਨ ਦੀ ਭਾਵਨਾ। |
| ਮਾਧਿਅਸਥ | ਦੁਸ਼ਟ ਬੁੱਧੀ ਜੀਵਾਂ ਪ੍ਰਤੀ ਸਮ-ਭਾਵ - ਉਦਾਸੀਨ ਭਾਵ। - 3 |

# 13.

## ਮੈਤ੍ਰੀ ਭਾਵਨਾ

ਹੇ ਆਤਮਾ ! ਤੂੰ ਚਾਰੇ ਪਾਸੇ ਦੋਸਤੀ ਦਾ ਵਿਸਥਾਰ ਕਰ। ਦੁਨੀਆਂ ਵਿੱਚ ਕਿਸੇ ਨੂੰ ਆਪਣਾ ਦੁਸ਼ਮਣ ਨਾ ਮੰਨ। ਇਹ ਤੇਰੀ ਜਿੰਦਗੀ ਕਿੰਨੀ ਸਥਿਰ ਹੈ ? ਫਿਰ ਤੂੰ ਦਵੇਸ਼ ਵਿੱਚ ਡੁੱਬਿਆ ਹੋਇਆ ਹੈਂ ? - 1

ਸੰਸਾਰ ਦੇ ਸਾਗਰ ਦੇ ਸਫ਼ਰ ਵਿੱਚ ਸਾਰੇ ਜੀਵਾਂ ਪ੍ਰਤੀ ਹਜ਼ਾਰਾਂ ਵਾਰ ਰਿਸ਼ਤੇਦਾਰੀਆਂ ਹੋਈਆਂ ਹਨ। ਇਸ ਲਈ ਸਾਰੇ ਜੀਵ ਆਤਮਾਵਾਂ ਤੇਰੀਆਂ ਰਿਸ਼ਤੇਦਾਰ ਹਨ। ਕੋਈ ਵੀ ਦੁਸ਼ਮਣ ਨਹੀਂ। ਇਸ ਤਰ੍ਹਾਂ ਤੂੰ ਸੋਚ ਤੇ ਵਿਚਾਰ ਕਰ। - 2

ਸਾਰੇ ਜੀਵਾਂ ਦੇ ਨਾਲ ਅਨੇਕਾਂ ਵਾਰ ਤੇਰਾ ਰਿਸ਼ਤਾ ਪਿਤਾ, ਭਾਈ, ਚਾਚਾ, ਮਾਂ, ਪਿਉ, ਪੁੱਤਰ, ਪੁੱਤਰੀ, ਪਤਨੀ, ਭੈਣ, ਨੂੰਹ ਵਗੈਰਾ ਰੂਪ ਵਿੱਚ ਹੋਇਆ ਹੈ। ਇਹ ਸਾਰੇ ਜੀਵਾਂ ਦਾ ਤੇਰਾ ਇਕ ਪਰਿਵਾਰ ਹੈ। ਫਿਰ ਤੇਰਾ ਕੌਣ ਦੁਸ਼ਮਣ ਹੋਵੇਗਾ, ਕੋਈ ਨਹੀਂ। ਇਸ ਤਰ੍ਹਾਂ ਦੀ ਸਮਝ ਰੱਖ। - 3

ਇੱਕ ਇੰਦਰੀਆਂ ਆਦਿ ਜੀਵ ਵੀ ਪੰਜ ਇੰਦਰੀਆਂ ਪ੍ਰਾਪਤ ਕਰਕੇ ਸੁੰਦਰ ਢੰਗ ਨਾਲ ਧਰਮ ਅਰਾਧਨਾ ਕਰਕੇ ਜਨਮ ਮਰਣ ਦੀ ਦੀਵਾਰ ਤੋਂ ਕਦ ਮੁਕਤ ਹੋਣਗੇ। ਅਜਿਹਾ ਵਿਚਾਰ ਕਰ। - 4

ਪ੍ਰਾਣੀਆਂ ਦੇ ਮਨ, ਵਚਨ ਕਾਇਆ ਨੂੰ ਅਸ਼ੁੱਭ ਧਾਰਾ ਵਿੱਚ ਜ਼ਬਰਦਸਤੀ ਖਿੱਚਣ ਵਾਲੀ ਰਾਗ ਦਵੇਸ਼ ਆਦਿ ਬਿਮਾਰੀਆਂ ਸ਼ਾਂਤ ਹੋ ਜਾਣ। ਸਾਰੇ ਪ੍ਰਾਣੀ ਉਦਾਸੀਨ ਭਾਵ ਤੋਂ ਉੱਪਰ ਉਠ ਜਾਣ ਦੀ ਸ਼੍ਰੇਣੀ ਦੇ ਰਸ ਦਾ ਸਵਾਦ ਪ੍ਰਾਪਤ ਕਰਨ। ਸਾਰੇ ਜੀਵ ਸੁਖੀ ਰਹਿਣ। - 5

# ਤੇਰ੍ਹਵੀਂ ਭਾਵਨਾ (ਗੀਤ)

ਹੇ ਵਿਨੈ ! ਕਰਮਾ ਦੀ ਬਚਿੱਤਰਤਾ ਦਾ ਸ਼ਿਕਾਰ ਹੋ ਕੇ ਵੱਖ-ਵੱਖ ਗਤੀਆਂ ਤੋਂ ਭਟਕਦੇ ਹੋਏ ਤਿੰਨ ਲੋਕ ਦੇ ਜੀਵਾਂ ਪ੍ਰਤੀ ਤੂੰ ਦੋਸਤੀ ਦਾ ਚਿੰਤਨ ਕਰ। - 1

ਸਾਰੇ ਪ੍ਰਾਣੀ ਤੇਰੇ ਦੋਸਤ ਹਨ। ਦੁਨੀਆਂ ਵਿੱਚ ਕੋਈ ਤੇਰਾ ਦੁਸ਼ਮਣ ਨਹੀਂ। ਤੂੰ ਕਲੇਸ਼ ਅਤੇ ਕੜਵਾਹਟ ਦੇ ਵੱਸ ਹੋ ਕੇ ਮਨ ਨੂੰ ਨਾ ਵਿਗਾੜ। ਵਿਗੜਿਆ ਹੋਇਆ ਮਨ ਤੇਰੇ ਸਾਰੇ ਚੰਗੇ ਕੰਮਾਂ 'ਤੇ ਪਾਣੀ ਫੇਰ ਦੇਵੇਗਾ। - 2

ਠੀਕ ਹੈ, ਜੇ ਕੋਈ ਆਦਮੀ ਆਪਣੇ ਕਰਮਾਂ ਦੇ ਅਧੀਨ ਰਹਿੰਦਾ ਹੋਇਆ ਤੇਰੇ 'ਤੇ ਗੁੱਸਾ ਕਰਦਾ ਹੈ, ਤਦ ਵੀ ਤੈਨੂੰ ਕਿਸੇ ਗੁੱਸੇ ਦੀ ਗੁਲਾਮੀ ਸਵੀਕਾਰ ਕਰਕੇ ਉਸ ਉੱਤੇ ਗੁੱਸਾ ਨਹੀਂ ਕਰਨਾ ਚਾਹੀਦਾ। - 3

ਇਸ ਦੁਨੀਆ ਵਿੱਚ ਚੰਗੇ ਸੱਜਣ ਲੋਕਾ ਦੇ ਲਈ ਕਲੇਸ਼ ਚੰਗਾ ਨਹੀਂ ਲੱਗਦਾ। ਤੂੰ ਤਾਂ ਸਮਤਾ ਰਸ ਦੇ ਝਰਨੇ ਵਿੱਚ ਖੇਲ੍ਹਣ ਵਾਲੀ ਮੱਛੀ ਹੈਂ। ਕਲੇਸ਼ ਨੂੰ ਛੱਡ ਦੇ। ਗੁਣਾਂ ਨਾਲ ਆਪਣੇ ਆਪ ਨੂੰ ਮਜਬੂਤ ਕਰ। ਹੇ ਚੇਤਨ ! ਤੂੰ ਮਾਨਸਰੋਵਰ ਦੇ ਹੰਸ ਦੀ ਤਰ੍ਹਾਂ ਵਿਵੇਕ ਬੁੱਧੀ ਵਾਲਾ ਬਣ। - 4

ਦੁਸ਼ਮਣ ਵੀ ਵੈਰ ਵਿਰੋਧ ਛੱਡ ਕੇ ਸਮਤਾ ਨੂੰ ਪ੍ਰਾਪਤ ਕਰਨ ਅਤੇ ਸੁਖੀ ਰਹਿਣ, ਉਹ ਵੀ ਸੱਚੇ ਸੁੱਖ ਦੇ ਘਰ ਵੱਲ ਜਾਣ ਦੇ ਲਈ ਤਿਆਰ ਰਹਿਣ। - 5

ਇੱਕ ਵਾਰ ਜੇ ਆਤਮਾ ਆਤਮ ਭਾਵ ਤੋਂ ਸਮਤਾ ਰਸ ਦਾ ਸਵਾਦ ਕਰ ਲਵੇ। ਫਿਰ ਤਾਂ ਉਸ ਦਾ ਰਸ ਚੱਖ ਕੇ ਉਹ ਖੁਦ ਵੀ ਸਮਤਾ ਵਿੱਚ ਡੁੱਬ ਜਾਵੇਗੀ। - 6

ਸਮਝ ਵਿੱਚ ਨਹੀਂ ਅਉਂਦਾ ਕਿ ਮਨੁੱਖ ਕਿਉਂ ਗਲਤ ਧਾਰਨਾਵਾਂ ਵਿੱਚ ਫਸ ਕੇ ਪਾਪ ਕਰਮਾਂ ਵੱਲ ਜਾਂਦੇ ਹਨ ? ਉਨ੍ਹਾਂ ਨੂੰ ਤੀਰਥੰਕਰਾਂ ਦੀ ਬਾਣੀ ਵਿੱਚ ਰੁੱਚੀ ਕਿਉਂ ਪੈਦਾ ਨਹੀਂ ਹੁੰਦੀ ? - 7

ਸ਼ੁੱਧ ਆਤਮਾਵਾਂ ਪ੍ਰਾਪਤਮ ਭਾਵ ਵਿੱਚ ਡੁੱਬੀਆਂ ਰਹਿਣ, ਫਿਰ ਇਹ ਸਮਤਾ ਰਸ ਦਾ ਸੇਵਨ ਕਰਕੇ ਸੰਸਾਰ ਖੁਸ਼ ਰਹੇ, ਅਨੰਦ ਰਹੇ। - 7

14.

# ਪ੍ਰਮੋਦ ਭਾਵਨਾ (ਸ਼ਲੋਕ)

ਉਹ ਵੀਤਰਾਗ ਪ੍ਰਮਾਤਮਾ ਧਨ ਹਨ, ਉਹ ਕਸ਼ਪ ਸ਼੍ਰੇਣੀ (ਕੇਵਲ ਗਿਆਨ ਤੋਂ ਪਹਿਲਾਂ ਦੀ ਅਵਸਥਾ) 'ਤੇ ਚੱਲ ਕੇ ਕਰਮ ਦੀ ਮੈਲ ਨੂੰ ਧੋ ਦਿੱਤਾ ਹੈ। ਤਿੰਨ ਲੋਕਾਂ ਵਿੱਚ ਜੋ ਗੰਧ ਹਾਥੀ ਦੇ ਸਮਾਨ ਹਨ, ਜਿਨ੍ਹਾਂ ਵਿੱਚ ਸਹਿਜ ਰੂਪ ਵਿੱਚ ਸਥਿਤ ਗਿਆਨ ਤੋਂ ਵੈਰਾਗ ਪ੍ਰਗਟ ਹੋਇਆ ਹੈ। ਜੋ ਪੂਰਨਮਾਸੀ ਦੇ ਪੂਰਨ ਚੰਦਰਮਾ ਦੀ ਤਰ੍ਹਾਂ ਧਿਆਨ ਦੀ ਧਾਰਾ ਵਿੱਚ ਆਤਮ-ਸ਼ੁੱਧੀ ਦੇ ਰਾਹੀ ਉੱਪਰ ਚੜ੍ਹ ਕੇ ਸੈਂਕੜੇ ਚੰਗੇ ਕੰਮਾਂ ਦਾ ਸਵਨ ਕਰਕੇ ਅਰਿਹੰਤ ਪਦ ਦੀ ਸ਼ੋਭਾ ਨੂੰ ਪ੍ਰਾਪਤ ਕਰਦੇ ਹੋਏ ਮੁਕਤੀ ਦੇ ਨਿਕਟ ਪਹੁੰਚ ਗਏ ਹਨ। - 1

ਕਰਮ ਖਤਮ ਤੋਂ ਉੱਪਰ ਹੋਏ ਉਸ ਬੀਤਰਾਗ ਦੇ ਅਨੇਕਾਂ ਗੁਣਾਂ ਦੇ ਸਹਾਰੇ ਨਿਰਮਲ ਆਤਮਾ ਦੇ ਰਾਹੀ ਉਨ੍ਹਾਂ ਦੇ ਬਰਾਬਰ, ਉਨ੍ਹਾਂ ਦਾ ਬਾਰ ਬਾਰ ਗੁਣਗਾਨ ਕਰਕੇ ਅਸੀ ਆਪਣੇ ਅੱਠਾਂ ਉਚਾਰਨਾਂ ਨੂੰ ਪਵਿੱਤਰ ਕਰਦੇ ਹਾਂ। ਪ੍ਰਮਾਤਮਾ ਦੇ ਸਤੋਤ੍ਰ ਦਾ ਗਾਉਣ ਕਰਨ ਵਾਲੀ ਜੀਭਾ ਹੀ ਰਸ ਨੂੰ ਜਾਣਦੀ ਹੈ। ਬਾਕੀ ਗੱਪਸ਼ੱਪ ਅਤੇ ਪਰਾਈ ਪੰਚਾਇਤ ਕਰਨ ਵਾਲੇ ਜੀਵ ਉਹ ਰਸ ਦਾ ਸੇਵਨ ਨਹੀਂ ਕਰ ਸਕਦੇ, ਅਜਿਹਾ ਮੈਂ ਮੰਨਦਾ ਹਾਂ। - 2

ਉਹ ਸਾਧੂ ਪੁਰਸ਼ ਧਨ ਹਨ, ਜੋ ਪਰਬਤ ਦੀ ਉੱਚਾਈ 'ਤੇ ਇਕੱਲੇ ਜੰਗਲਾਂ ਵਿੱਚ, ਗੁਫਾ ਵਿੱਚ ਜਾ ਉਜਾੜ ਵਿੱਚ ਬੈਠ ਕੇ ਧਰਮ ਧਿਆਨ ਵਿੱਚ ਲੀਨ ਸਮਤਾ ਰਸ ਵਿੱਚ ਲਿਪਤ ਹੋ ਕੇ 15 ਦਿਨ, ਮਹੀਨੇ ਦਾ ਵਰਤ ਕਰਦੇ ਹਨ, ਹੋਰ ਵੀ ਗਿਆਨਵਾਨ, ਸ਼ੁੱਧ ਪ੍ਰੱਗਿਆਵਾਨ, ਧਰਮ ਉਪਦੇਸ਼ ਕਰਨ ਵਾਲੇ, ਸ਼ਾਂਤ, ਇੰਦਰੀਆਂ ਜੇਤੂ ਅਤੇ ਸੰਸਾਰ ਵਿੱਚ ਜਿਨੇਸ਼ਵਰ ਪ੍ਰਮਾਤਮਾ ਦੀ ਸ਼ਾਨ ਵਧਾਉਣ ਵਾਲੇ ਸਾਧੂ ਪੁਰਸ਼ ਧਨ ਹਨ। - 3

ਜੋ ਗ੍ਰਹਿਸਥ ਲੋਕ ਦਾਨ ਕਰਦੇ ਹਨ, ਸ਼ੀਲ ਵਰਤ ਦਾ ਧਾਰਨ ਕਰਦੇ ਹਨ, ਤਪ ਕਰਦੇ ਹਨ, ਸੁੰਦਰ ਭਾਵਨਾਵਾਂ ਵਿੱਚ ਆਪਣੀ ਆਤਮਾ ਨੂੰ ਲਗਾਉਦੇ ਹਨ, ਗਿਆਨਵਾਨ ਹੋ ਕੇ ਸ਼ਰਧਾ ਨਾਲ ਚਾਰੇ ਪ੍ਰਕਾਰ ਦੇ ਧਰਮਾਂ ਦੀ ਅਰਾਧਨਾ ਕਰਦੇ ਹਨ, ਉਹ ਧੰਨ ਹਨ। ਸਾਧਵੀਆਂ ਅਤੇ ਉਪਾਸਕਾਵਾਂ ਜੋ ਕਿ ਨਿਰਮਲ ਗਿਆਨਸ਼ੀਲ ਦੀ ਸੋਭਾ ਨੂੰ ਧਾਰਨ ਕਰਦੀਆਂ ਹਨ, ਉਹ ਵੀ ਧੰਨ ਹਨ, ਭਾਗਸ਼ਾਲੀ ਮਨੁੱਖ ਨੂੰ ਹਰ ਰੋਜ਼ ਇਨ੍ਹਾਂ ਦੀ ਸਤੂਤੀ ਨਿਮਰਤਾ ਨਾਲ ਕਰਨੀ ਚਾਹੀਦੀ ਹੈ। - 4

ਮਿਥਿਆ ਦ੍ਰਿਸ਼ਟੀ, ਲੋਕਾਂ ਵਿੱਚ ਪਰਉਪਕਾਰ, ਦਿਆ, ਵਗੈਰਾ ਗੁਣ ਹੋਣ ਸੰਤੋਖ, ਸੱਚ ਵਗੈਰਾ ਆਦਿ ਗੁਣਾਂ ਦਾ ਵਿਸਥਾਰ ਹੋਵੇ, ਵਿਸ਼ਾਲਤਾ ਹੋਵੇ, ਨਿਮਰਤਾ ਹੋਵੇ ਅਤੇ ਸਾਰੇ ਗੁਣ ਮਾਰਗਾਨੁਸਾਰੀ ਗੁਣਾਂ ਦੀ ਮੈਂ ਸਰਾਹਨਾ ਕਰਦਾ ਹਾਂ। - 5

ਹੇ ਜੀਵ ! ਤੂੰ ਭਲੀ ਭਾਂਤ ਖੁਸ਼ ਹੋ ਕੇ ਭਾਗਸ਼ਾਲੀ ਮਨੁੱਖਾਂ ਦੇ ਸੁੰਦਰ ਚਰਿੱਤਰ ਦੀ ਪ੍ਰਸੰਸਾ ਕਰਨ ਵਿੱਚ ਤਿਆਰ ਰਹਿ। ਮੇਰੇ ਕੰਨ ਹੋਰਾਂ ਦੇ ਯਸ਼ ਨੂੰ ਸੁਣ ਕੇ ਆਨੰਦ ਮਾਨਣ। ਹੋਰਾਂ ਦੀ ਸੁੱਖ-ਸਮਰਿੱਧੀ ਵੇਖ ਕੇ ਇਹ ਅੱਖਾਂ ਪ੍ਰਫੁੱਲਤ ਹੋਣ। ਇਸ ਸੰਸਾਰ ਵਿੱਚ ਅਜਿਹੇ ਪ੍ਰਮੋਦ ਭਾਵ ਵਿੱਚ ਜੀਉਣਾ ਜੀਵਨ ਦੀ ਸਫਲਤਾ ਅਤੇ ਸਾਰਥਕਤਾ ਹੈ। - 6

ਦੂਸਰਿਆਂ ਦੇ ਗੁਣਾਂ ਤੋਂ ਖੁਸ਼ ਹੋ ਕੇ ਜਿਨ੍ਹਾਂ ਦੀ ਪਾਰਦਰਸ਼ੀ ਪ੍ਰੱਗਿਆ ਸਮਤਾ ਸਾਗਰ ਵਿੱਚ ਲੀਨ ਹੋ ਗਈ ਹੈ, ਉਨ੍ਹਾਂ ਦੇ ਮਨ ਦੀ ਖੁਸ਼ੀ ਬੜੀ ਚਮਕਦੀ ਦਮਕਦੀ ਹੈ। ਉਨ੍ਹਾਂ ਵਿੱਚ ਰਹਿੰਦੇ ਸਾਰੇ ਗੁਣ ਵੀ ਨਿਰਮਲ ਹੋ ਜਾਏ ਹਨ। - 7

# ਚੌਦ੍ਹਵੀਂ ਭਾਵਨਾ (ਗੀਤ)

ਹੇ ਵਿਨੈ, ਤੂੰ ਗੁਣਾਂ ਵੱਲ ਆਦਰ ਵਾਲਾ ਹੋ ਕੇ ਈਰਖਾ ਭਾਵ ਛੱਡ ਦੇ। ਜਿਨ੍ਹਾਂ ਵਿੱਚ ਉਨ੍ਹਾਂ ਦੇ ਕਰਮਾਂ ਦੇ ਪ੍ਰਭਾਵ ਤੋਂ ਕੁਝ ਵਿਸ਼ੇਸ਼ਤਾਵਾਂ ਪ੍ਰਾਪਤ ਹੋਈਆਂ ਹਨ, ਉਸ ਨੂੰ ਤੂੰ ਅਨੰਦ ਨਾਲ ਮਹਿਸੂਸ ਕਰ। - 1

ਕਿੰਨਾ ਚੰਗਾ ਹੈ, ਕਿ ਕੋਈ ਭਾਗਸ਼ਾਲੀ ਦਾਨ ਦਿੰਦਾ ਹੈ ਅਤੇ ਦੁਨੀਆ ਵਿੱਚ ਉਸ ਦੀ ਵਾਹ-ਵਾਹ ਹੁੰਦੀ ਹੈ। ਦੂਸਰੇ ਦੇ ਨੀਵੇਂ ਭਾਵ ਦੇ ਲਈ ਅਜਿਹੇ ਪਰਮ ਸੁੱਖ ਦੀ ਪ੍ਰਾਪਤੀ ਕਾਰਨ ਵਿਚਾਰ ਵੀ ਪੈਦਾ ਨਹੀਂ ਹੁੰਦਾ। ਕੀ ਤੈਨੂੰ ਅਜਿਹੇ ਚੰਗੇ ਕੰਮ ਵਿੱਚ ਹਿੱਸਾ ਮਿਲ ਸਕਦਾ ਹੈ। - 2

ਜਿਨ੍ਹਾਂ ਮਹਾਪੁਰਸ਼ਾਂ ਦੇ ਮਨ ਵਿਕਾਰ ਰਹਿਤ ਹਨ, ਇਸ ਸੰਸਾਰ ਵਿੱਚ ਰਹਿ ਕੇ ਜੋ ਉਪਕਾਰ ਕਰਦੇ ਹਨ, ਅਜਿਹੇ ਗੁਣਾਂ ਨਾਲ ਸ਼ਿੰਗਾਰੇ ਮਹਾਪੁਰਸ਼ਾਂ ਦੇ ਨਾਂ ਅਸੀਂ ਬਾਰ ਬਾਰ ਲੈਂਦੇ ਹਾਂ। - 3

ਇੱਕ ਸਹਿਣਸ਼ੀਲਤਾ ਗੁਣ ਹੀ ਅਜਿਹਾ ਹੈ ਜਿਸ ਦੀ ਤੁਲਣਾ ਕਿਸੇ ਹੋਰ ਗੁਣ ਨਾਲ ਨਹੀਂ ਕੀਤੀ ਜਾ ਸਕਦੀ। ਮੁਕਤੀ ਪ੍ਰਾਪਤੀ ਦੇ ਲਈ ਸਾਧਨ ਰੂਪ ਇਸ ਗੁਣ ਨੂੰ ਹੇ ਆਤਮਾ ਤੂੰ ਤੀਰਥੰਕਰ ਪ੍ਰਮਾਤਮਾ ਵਿੱਚ ਵੇਖ। ਕ੍ਰੋਧ ਤੇ ਹੰਕਾਰ ਦੇ ਦੋਸ਼ ਨਸ਼ਟ ਹੋ ਜਾਣ ਅਤੇ ਵਧਦੇ ਹੋਏ ਕਰਮਾਂ ਦੀਆ ਜੜ੍ਹਾਂ ਮੁੱਕ ਜਾਣ, ਨਸ਼ਟ ਹੋ ਜਾਣ। - 4

ਕੁਝ ਇੱਕ ਗ੍ਰਹਿਸਥ ਆਦਮੀ ਵੀ ਪਰਾਈ ਇਸਤਰੀ ਦਾ ਤਿਆਗ ਕਰਕੇ ਉੱਤਮ ਸ਼ੀਲ ਵਰਤ ਦਾ ਪਾਲਣ ਕਰਦੇ ਹਨ। ਬਾਂਝ ਅੰਬ ਫਲ ਤੋਂ ਵੀ ਲਚੀਲਾ ਬਣਾ ਦੇ, ਅਜਿਹਾ ਉਨ੍ਹਾਂ ਦਾ ਜਸ ਸਾਰੇ ਸੰਸਾਰ ਵਿੱਚ ਫੈਲਿਆ ਹੋਇਆ ਹੈ। - 5

ਜਿਹੜੀਆਂ ਇਸਤਰੀਆਂ ਆਪਣੇ ਪੇਕੇ ਅਤੇ ਸਹੁਰੇ ਦੋਹਾਂ ਕੁਲਾਂ ਦੀ ਇੱਜਤ ਨੂੰ ਆਪਣੇ ਗੁਣਾਂ ਦੇ ਝੰਡੇ ਨਾਲ ਲਹਿਰਾਉਂਦੀਆਂ ਹਨ। ਚੰਗੀ

ਚਰਿੱਤਰਵਾਲੀਆਂ ਉਨ੍ਹਾਂ ਪਵਿੱਤਰ ਇਸਤਰੀਆਂ ਦਾ ਦਰਸ਼ਨ ਵੀ ਮਹਾਨ ਪੁੰਨ ਦਾ ਕਾਰਨ ਹੈ ਅਤੇ ਪੁੰਨ ਨਾਲ ਹੀ ਮਿਲਦਾ ਹੈ। - 6

ਤੱਤਵ ਦੇ ਜਾਣਕਾਰ ਮਹਾਂਪੁਰਸ਼, ਸਾਤਵਿਕ ਯੋਗੀ ਪੁਰਸ਼ ਅਤੇ ਸੱਜਣਾਂ ਵਿੱਚ ਸ੍ਰੇਸ਼ਠ ਪੁਰਸ਼ ਗਿਆਨ ਦਾਨ ਵਿੱਚ ਬੁੱਧੀਮਾਨ ਮਹਾਂਪੁਰਸ਼ ਇਨ੍ਹਾਂ ਸਾਰਿਆਂ ਨੇ ਸੰਸਾਰ ਨੂੰ ਚਮਕਾਇਆ ਹੈ। ਉਨ੍ਹਾਂ ਦਾ ਨਾਮ ਸਿਮਰਣ ਵੀ ਇੱਕ ਚੰਗੀ ਘਟਨਾ ਹੈ ਅਤੇ ਪੁੰਨ ਵਾਲਾ ਮੌਕਾ ਹੁੰਦਾ ਹੈ। - 7

ਇਸ ਤਰ੍ਹਾਂ ਹੋਰਾਂ ਦੇ ਗੁਣਾਂ ਦਾ ਸਿਮਰਨ, ਕੀਰਤਨ ਕਰਕੇ ਉਸ ਵਿੱਚ ਅਨੰਦ ਮਾਨਣਾ ਤੇ ਉਸ ਦਾ ਚਿੰਤਣ ਕਰਨਾ ਇਸ ਤਰ੍ਹਾਂ ਜੀਵਨ ਨੂੰ ਸਾਰਥਕ ਕਰਨਾ। ਚੰਗੇ ਗੁਣਾਂ ਦੀ ਖਾਨ ਵਾਲੇ ਮਹਾਂਪੁਰਸ਼ਾਂ ਦੇ ਗੁਣਗਾਨ ਨਾਲ ਤੂੰ ਸ਼ਾਤਸੁਧਾ ਰਸ ਦਾ ਸੇਵਨ ਕਰਿਆ ਕਰ। - 8

# 15.

## ਕਰੁਣਾ ਭਾਵਨਾ (ਸ਼ਲੋਕ)

ਇਸ ਜਗਤ ਪ੍ਰਾਣੀ, ਖਾਣਾ ਪੀਣਾ, ਕੱਪੜਾ, ਘਰ, ਗਹਿਣੇ, ਸ਼ਿੰਗਾਰ ਆਦਿ ਦੇ ਵਿੱਚ ਰੁੱਝੇ ਰਹਿੰਦੇ ਹਨ। ਸ਼ਾਦੀ ਵਿਆਹ, ਸੰਤਾਨ ਉਤਪਤੀ, ਮਨ ਚਾਹੇ ਸੁੱਖ ਭੋਗ ਆਦਿ ਦੀਆਂ ਗੱਲਾਂ ਵਿੱਚ ਵਿਆਕੁਲ ਅਤੇ ਜੁਟੇ ਰਹਿਣ ਵਾਲੇ ਮਨ ਸਥਿਰ ਕਿਵੇਂ ਹੋ ਸਕਦੇ ਹਨ ? – 1

ਹਰ ਕੀਮਤ 'ਤੇ, ਹਰ ਹਾਲਤ ਵਿੱਚ ਸੱਚ ਝੂਠ, ਉਲਟਾ ਸਿੱਧਾ, ਇੱਧਰ ਉੱਧਰ ਕੁਝ ਵੀ ਕਰਕੇ, ਆਦਮੀ ਸੰਪਤੀ ਇਕੱਠੀ ਕਰਦਾ ਹੈ ਅਤੇ ਆਦਤ ਤੋਂ ਮਜਬੂਰ ਪੱਕੀ ਸਮਝ ਕੇ ਉਸ ਨਾਲ ਦਿਲ ਤੋਂ ਜੁੜ ਜਾਂਦਾ ਹੈ। ਪਰ ਦੁਸ਼ਮਣ ਰੋਗ, ਡਰ, ਜਾਂ ਬੁਢਾਪਾ ਅਤੇ ਮੋਤ ਇਸ ਸਾਰੀ ਸੰਪਤੀ ਨੂੰ ਸੁਪਨੇ ਵਾਂਗ ਰਾਖ ਕਰ ਦਿੰਦੀ ਹੈ। – 2

ਕੁਝ ਲੋਕ ਮੁਕਾਬਲੇ ਵਿੱਚ ਡੁੱਬੇ ਹਨ, ਕੁਝ ਲੋਕ ਗੁੱਸਾ ਅਤੇ ਈਰਖਾ ਦੀ ਅੱਗ ਵਿੱਚ ਜਲਦੇ ਝੁਲਸਦੇ ਹੋਏ, ਦਿਲ ਵਿੱਚ ਧੋਖਾ ਰੱਖਦੇ ਹਨ, ਕੁਝ ਤਾਂ ਧਨ, ਔਰਤ, ਜ਼ਮੀਨ ਦੇ ਲਈ ਲੜਾਈਆਂ ਲੜਦੇ ਹਨ, ਝਗੜਦੇ ਹਨ, ਕੁਝ ਸੰਪਤੀ ਬਣਾਉਣ ਦੇ ਲਈ ਦੇਸ਼ ਵਿਦੇਸ਼ ਵਿੱਚ ਭਟਕ ਕੇ ਦੁਖੀ ਹੁੰਦੇ ਹਨ। ਸਾਰਾ ਸੰਸਾਰ ਜਿਵੇਂ ਕਿ ਸੰਕਟ ਨਾਲ ਘਿਰ ਗਿਆ ਹੈ। ਕੀ ਕਰੀਏ ? ਕੀ ਆਖੀਏ ? – 3

ਆਦਮੀ ਆਪਣੇ ਰਾਹੀ ਬਣਾਏ ਟੋਏ ਵਿੱਚ ਇੰਨਾ ਡੂੰਘਾ ਡਿੱਗਦਾ ਹੈ ਕਿ ਬਾਹਰ ਨਿਕਲਣ ਦਾ ਤਾਂ ਖਿਆਲ ਵੀ ਨਹੀਂ ਰਹਿੰਦਾ ਅਤੇ ਹੋਰ ਜ਼ਿਆਦਾ ਡੂੰਘਾ ਉੱਤਰ ਜਾਂਦਾ ਹੈ। – 4

ਕੁਝ ਲੋਕ ਨਾਸਤਿਕਵਾਦ ਕਾਰਨ, ਪ੍ਰਮਾਦ ਦਾ ਪੱਲਾ ਫੜਦੇ ਹਨ। ਦੋਸ਼ਾਂ ਦੇ ਭੰਵਰ ਵਿੱਚ ਫਸ ਕੇ ਨਿਗੋਦ ਵਗੈਰਾ ਵਿੱਚ ਵਿਸ਼ਾਲ ਦੁੱਖਾਂ ਦਾ ਸਾਹਮਣਾ ਕਰਦੇ ਹਨ। - 5

ਜੋ ਪ੍ਰਾਣੀ ਭਲੇ ਦਾ ਉਪਦੇਸ਼ ਨਹੀਂ ਸੁਣਦੇ ਅਤੇ ਨਾ ਹੀ ਧਰਮ ਦੀ ਇੱਕ ਵੀ ਗੱਲ ਮੰਨਣ ਲਈ ਤਿਆਰ ਹੁੰਦੇ ਹਨ, ਫਿਰ ਵੀ ਉਨ੍ਹਾਂ ਦੀਆਂ ਸੰਪਤੀਆ ਦਾ ਅੰਤ ਹੋ ਜਾਵੇਗਾ ਤਾਂ ਕਿਉਂ ? - 6

ਹੋਰਾਂ ਦੇ ਦੁੱਖ ਦੂਰ ਕਰਨ ਦੇ ਉਪਾਅ ਜੋ ਆਦਮੀ ਸੋਚਦਾ ਹੈ, ਭਵਿੱਖ ਵਿੱਚ ਉਹ ਸ੍ਰੇਸ਼ਠ ਸੁੰਦਰ ਸੁੱਖ ਨੂੰ ਪ੍ਰਾਪਤ ਕਰਦਾ ਹੈ। - 7

## ਪੰਦਰ੍ਹਵੀਂ ਭਾਵਨਾ (ਗੀਤ)

ਸੱਜਣੋ, ਦਿਲ ਵਿੱਚ ਖੁਸ਼ੀ ਰੱਖ ਕੇ ਭਗਵਾਨ ਦਾ ਭਜਨ ਕਰੋ। ਪ੍ਰਮਾਤਮਾ ਦੀ ਅਰਾਧਨਾ ਕਰੋ। ਜੋ ਪ੍ਰਮਾਤਮਾ ਦੀ ਸ਼ਰਣ ਵਿੱਚ ਆਏ ਹੋਏ ਪ੍ਰਾਣੀ ਦੇ ਲਈ ਬਿਨਾਂ ਕਿਸੇ ਤਰ੍ਹਾਂ ਦੀ ਇੱਛਾ ਦੇ ਰਹਿਮ ਦਿਲ ਹੈ। - 1

ਮਨ ਨੂੰ ਜਰਾ ਸਥਿਰ ਕਰਕੇ ਜਿਨ-ਆਗਮ ਦੇ ਸਾਰ ਦਾ ਅੰਮ੍ਰਿਤਪਾਣ ਕਰੋ। ਇੱਧਰ ਉੱਧਰ ਦੇ ਰਸਤੇ ਤੁਹਾਨੂੰ ਭਟਕਾ ਦੇਣਗੇ। ਅਜਿਹੀ ਗਲਤ ਅਤੇ ਸ਼ੰਕਾ ਦੇ ਵਿਚਾਰਾਂ ਨੂੰ ਹਮੇਸ਼ਾ ਛੱਡ ਦਿਓ। - 2

ਜਿਸ ਪੁਰਸ਼ ਨੂੰ ਹਿੱਤ, ਅਹਿੱਤ ਅਤੇ ਚੰਗੇ ਬੁਰੇ ਦਾ ਖਿਆਲ ਨਹੀਂ, ਉਸ ਤੋਂ 100 ਗਜ ਦੂਰ ਰਹਿਣਾ ਚੰਗਾ ਹੈ। ਕਿਉਂਕਿ ਉਹ ਲੋਕ ਆਪਣੇ ਵਚਨਾਂ ਦੀ ਚਤੁਰਾਈ ਨਾਲ ਭੋਲੇ ਅਤੇ ਘੱਟ ਬੁੱਧੀ ਵਾਲੇ ਲੋਕਾਂ ਨੂੰ ਭਟਕਾ ਦਿੰਦੇ ਹਨ। ਸੱਜਣਾਂ ਦਾ ਇੱਕ ਵਚਨ ਹੀ ਜੇ ਚੰਗੀ ਤਰ੍ਹਾਂ ਸਵੀਕਾਰ ਕਰ ਲਿਆ ਜਾਵੇ ਅਤੇ ਜਿੰਦਗੀ ਗੁਜ਼ਾਰੀ ਜਾਵੇ ਤਾਂ ਅਨੰਦ ਦਾ ਦਰਿਆ ਵਹਿ-ਉਂਦਾ ਹੈ। - 3

ਗਲਤ ਰਾਹ, ਅਤੇ ਉਲਟ ਧਾਰਨਾ ਦੇ ਹਨ੍ਹੇਰੇ ਵਿੱਚ ਜਿਨ੍ਹਾਂ ਦੀਆਂ ਅੱਖਾਂ 'ਤੇ ਛਾਏ ਹੋਏ ਹਨ, ਉਨ੍ਹਾਂ ਨੂੰ ਤੂੰ ਸੱਚੇ ਅਤੇ ਅਸਲ ਮਾਰਗ ਦੀ ਪੁੱਛਗਿੱਛ ਕਰਦਾ ਹੈਂ ? ਓਏ, ਪਾਣੀ ਨੂੰ ਦਹੀਂ ਦੀ ਤਰ੍ਹਾਂ ਰਿੜਕਣ ਨਾਲ ਕੀ ਮਿਲੇਗਾ ? - 4

ਮਨ ਨੂੰ ਜੇ ਇੱਕਦਮ ਅਜ਼ਾਦ ਛੱਡ ਦਿੱਤਾ ਜਾਵੇ ਤਾਂ ਉਹ ਤਰ੍ਹਾਂ ਤਰ੍ਹਾਂ ਦੇ ਆਤੰਕ ਫੈਲਾਵੇਗਾ, ਉਪਦਰਵ ਕਰੇਗਾ, ਪਰ ਉਹੀ ਮਨ ਜੇ ਅਧਿਆਤਮ ਦੇ ਬਾਗ ਵਿੱਚ ਬਿਨਾਂ ਸ਼ਰਤ ਹੋ ਕੇ ਘੁੰਮਣ ਫਿਰਨ ਲੱਗੇ ਤਾਂ ਸਹਿਜ ਸੁੱਖ ਦੇ ਫੁੱਲ ਖਿੜ ਜਾਂਦੇ ਹਨ। - 5

ਜਨਮ ਜਨਮ ਤੋਂ ਆਤਮਾ ਵਿੱਚ ਡੇਰਾ ਲਾ ਕੇ ਜੰਮੇ ਹੋਏ ਆਸ਼ਰਵ, ਵਿਕਥਾ, ਗੌਰਵ (ਹੰਕਾਰ) ਅਤੇ ਕਾਮ-ਇੱਛਾ ਦੇ ਕੂੜੇ ਨੂੰ ਬਾਹਰ ਕੱਢ ਦੇ। ਸੰਬਰ ਰਾਹੀਂ ਆਤਮਾ ਅਨੁਸ਼ਾਸਨ ਨੂੰ ਆਪਣਾ ਮਿੱਤਰ ਬਣਾ। ਇਹ ਇੱਕ ਰਹੱਸ ਦੀ ਗੱਲ ਹੈ। - 6

ਸੰਸਾਰ ਦੇ ਜੰਗਲ ਰੂਪੀ ਵਨ ਵਿੱਚ ਭਟਕਦੇ ਹੋਏ ਤੂੰ ਇੰਨੇ ਕਸ਼ਟ ਨੂੰ ਸਹਿਣ ਕਰਦਾ ਹੈਂ। ਜਿਨੇਸ਼ਵਰ ਪ੍ਰਮਾਤਮਾ ਜੋ ਕਿ ਸੰਸਾਰ ਦਾ ਉਪਕਾਰ ਕਰਨ ਦੇ ਲਈ, ਹਮੇਸ਼ਾ ਤਿਆਰ ਰਹਿੰਦੇ ਹਨ, ਤੂੰ ਉਨ੍ਹਾਂ ਦਾ ਮਾਰਗ ਗ੍ਰਹਿਣ ਕਰ। - 7

ਵਿਨੇ ਨਾਲ ਜੋ ਵੀ ਕਿਹਾ ਜਾਂਦਾ ਹੈ, ਉਹ ਜ਼ਰੂਰ ਭਲਾ ਕਰਦਾ ਹੈ। ਤੁਸੀਂ ਉਸ ਨੂੰ ਧਿਆਨ ਨਾਲ ਸੁਣੋ। ਭਿੰਨ-ਭਿੰਨ ਸੁੱਖਾਂ ਦੇ ਨਾਲ ਅਤੇ ਭਿੰਨ-ਭਿੰਨ ਪੁੰਨਾਂ ਦੇ ਨਾਲ ਜੋੜਨ ਵਾਲੇ ਸ਼ਾਂਤਸੁਧਾ ਰਸ ਦਾ ਪਾਣ ਕਰੋ। - 8

# 16.

## ਮੱਧਿਅਸਥਭਵਾਨ (ਸ਼ਲੋਕ)

ਜਿਸ ਦੇ ਸਹਾਰੇ ਥੱਕੇ-ਟੁੱਟੇ ਹੋਏ ਮਨੁੱਖ ਅਰਾਮ ਪਾਉਂਦੇ ਹਨ, ਜਿਸ ਦੇ ਰਾਹੀਂ ਬਿਮਾਰ ਅਤੇ ਕਮਜ਼ੋਰ ਆਦਮੀ ਖੁਸ਼ੀ ਮਹਿਸੂਸ ਕਰਦੇ ਹਨ, ਰਾਗ ਦਵੇਸ਼ ਨੂੰ ਰੋਕ ਕੇ ਸਹਿਜ, ਉਦਾਸੀਨਤਾ ਜਿਸ ਤੋਂ ਪ੍ਰਾਪਤ ਹੁੰਦੀ ਹੈ, ਅਜਿਹਾ ਮੱਧਿਅਸਥ ਭਾਵ ਸਾਡੇ ਲਈ ਚੰਗਾ ਹੈ। - 1

ਇਸ ਸੰਸਾਰ ਦੇ ਲੋਕ ਤਰ੍ਹਾਂ ਤਰ੍ਹਾਂ ਦੇ ਕਰਮਾਂ ਦੇ ਕਾਰਨ ਭਿੰਨ ਭਿੰਨ ਪ੍ਰਕਾਰ ਦੀ ਮਨਚਾਹੀ - ਅਣਚਾਹੀ ਭੇਦ ਖੋਲ੍ਹਣ ਵਾਲੀਆਂ ਗੱਲਾਂ ਕਰਦੇ ਹਨ। ਉਸ ਵਿੱਚ ਸਮਝਦਾਰ ਅਤੇ ਵਿਵੇਕੀ ਮਨੁੱਖ ਕਿਸ ਦੀ ਪ੍ਰਸੰਸਾ ਕਰੇ ਅਤੇ ਕਿਸ 'ਤੇ ਗੁੱਸਾ ਕਰੇ। - 2

ਖੁਦ ਭਗਵਾਨ ਮਹਾਵੀਰ ਸਵਾਮੀ ਵੀ ਆਪਣੇ ਚੇਲੇ ਜਮਾਲੀ (ਸੰਸਾਰਿਕ ਰਿਸ਼ਤੇ ਦੇ ਜਮਾਈ) ਨੂੰ ਗਲਤ ਸਿਧਾਂਤ ਦਾ ਪ੍ਰਚਾਰ ਕਰਨ ਤੋਂ ਰੋਕ ਨਹੀਂ ਸਕੇ। ਫਿਰ ਕੌਣ ਕਿਸੇ ਨੂੰ ਰੋਕ ਸਕਦਾ ਹੈ ? ਇਸ ਲਈ ਭਲਾ ਇਸ ਵਿੱਚ ਹੈ ਕਿ ਅਸੀਂ ਉਦਾਸੀਨ ਮੱਧਿਆਸਥ ਭਾਵ ਵਿੱਚ ਸਥਿਰ ਹੋ ਜਾਈਏ। - 3

ਤੀਰਥੰਕਰ ਭਗਵਾਨ ਮਹਾਨ ਬਲਸ਼ਾਲੀ ਹੁੰਦੇ ਹਨ। ਫਿਰ ਵੀ ਉਹ ਕਿਸੇ ਤੋਂ ਜੋਰ ਜਬਰਦਸਤੀ ਨਾਲ ਧਰਮ ਨਹੀਂ ਕਰਵਾਉਂਦੇ। ਸਗੋਂ ਸੱਚਾ ਧਰਮ ਉਪਦੇਸ਼ ਦਿੰਦੇ ਹਨ ਅਤੇ ਪ੍ਰਾਣੀਆਂ ਨੂੰ ਧਰਮ ਵਿੱਚ ਲਗਾਉਂਦੇ ਹਨ। ਹਾਂ, ਜੇ ਪ੍ਰਾਣੀ ਉਸ ਨੂੰ ਸਵੀਕਾਰ ਕਰਦਾ ਹੈ ਤਾਂ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ। - 4

ਇਸ ਲਈ ਹੇ ਸੱਤਪੁਰਸ਼ੋ ! ਤੁਸੀਂ ਉਦਾਸੀਨਤਾ ਰੂਪੀ ਅੰਮ੍ਰਿਤ ਰਸ ਦਾ ਲਗਾਤਾਰ ਸੇਵਨ ਕਰੋ। ਉੱਛਲਦੇ ਅਤੇ ਉਛਲਦੇ ਹੋਏ ਅਨੰਦ ਦੀ ਮੌਜਾਂ 'ਤੇ ਸਵਾਰ ਹੋ ਕੇ ਪ੍ਰਾਣੀ ਮੁਕਤੀ ਸੁੱਖ ਨੂੰ ਪਾਉਂਦੇ ਹਨ। – 5

## ਸੋਲ੍ਹਵੀਂ ਭਾਵਨਾ (ਗੀਤ)

ਹੇ ਵਿਨੇ ! ਤੂੰ ਸ੍ਰੇਸ਼ਠ ਉਦਾਸੀਨਤਾ ਦੇ ਸੁੱਖ ਦਾ ਲਗਾਤਾਰ ਅਨੁਭਵ ਕਰ। ਉਦਾਸੀਨ ਭਾਵ ਪਰਮ ਕਲਿਆਣ ਦੇ ਨਾਲ ਮੇਲ ਕਰਾਉਣ ਵਾਲਾ ਹੈ। ਸਾਰੇ ਸ਼ਾਸਤਰਾਂ ਦਾ ਸਾਰ ਅਤੇ ਮਨ ਭਾਉਂਦਾ ਫਲ ਦੇਣ ਵਾਲਾ ਉਦਾਸੀਨ ਭਾਵ ਹੈ। ਤੂੰ ਉਸ ਦਾ ਅਨੁਭਵ ਕਰ। – 1

ਪਰਾਈ ਚਿੰਤਾ ਅਤੇ ਪਰਾਈ ਪੰਚਾਇਤ ਦੇ ਜੰਜਾਲ ਨੂੰ ਛੱਡ ਦੇ। ਤੂੰ ਖੁਦ ਦੇ ਆਤਮ ਸਰੂਪ ਦਾ ਚਿੰਤਨ ਕਰ। ਕੋਈ ਕੰਡੇ ਕਰੀਰ ਨੂੰ ਇਕੱਠਾ ਕਰੇ ਜਾਂ ਕੋਈ ਮਿੱਠੇ ਅੰਬਾਂ ਨੂੰ ਇਕੱਠਾ ਕਰੇ। ਤੂੰ ਇਸ ਤੋਂ ਕੀ ਲੈਣਾ ਹੈ। – 2

ਜੇ ਕੋਈ ਤੇਰੀ ਆਖੀ ਹੋਈ ਭਲੇ ਦੀ ਗੱਲ ਨੂੰ ਨਹੀਂ ਸੁਣਦਾ ਤਾਂ ਤੂੰ ਉਸ 'ਤੇ ਨਰਾਜ ਨਾ ਹੋ, ਗੁੱਸਾ ਨਾ ਕਰ, ਫਾਲਤੂ ਬੇਅਰਥ ਪਰਾਈ ਚਿੰਤਾ ਵਿੱਚ ਜਲ ਕੇ ਤੂੰ ਆਪਣੇ ਆਤਮ ਸੁੱਖ ਨੂੰ ਕਿਉਂ ਗਵਾਉਂਦਾ ਹੈਂ ? – 3

ਕੁਝ ਜੜ ਬੁੱਧੀ ਅਤੇ ਮੂਰਖ ਲੋਕ ਸਾਸਤਰਾਂ ਦੀਆਂ ਗੱਲਾਂ ਨੂੰ ਦਰ-ਕਿਨਾਰ ਕਰਕੇ ਗਲਤ ਗੱਲਾਂ ਕਰਦੇ ਹਨ। ਸ਼ਾਸਤਰਾਂ ਨੂੰ ਝੂਠਾ ਸਾਬਤ ਕਰਨ ਦੇ ਲਈ ਝੂਠੀਆਂ ਦਲੀਲਾਂ ਘੜਦੇ ਹਨ, ਵਿਅਰਥ ਬਕਵਾਸ ਕਰਦੇ ਹਨ। ਪਰ ਜੇਕਰ ਕੋਈ ਰਸ ਵਾਲਾ ਮਿੱਠਾ ਦੁੱਧ ਛੱਡ ਮੂਤਰ ਪੀਣ ਨੂੰ ਤਿਆਰ ਹੋਵੇ ਤਾਂ ਅਸੀ ਉਸ ਦਾ ਕੀ ਕਰ ਸਕਦੇ ਹਾਂ ? – 4

ਜਿਸ ਦੀ ਜਿਹੋ ਜਿਹੀ ਗਤੀ ਹੁੰਦੀ ਹੈ, ਉਸ ਦੀ ਉਹੋ ਜਿਹੀ ਬੁੱਧੀ ਹੁੰਦੀ ਹੈ। ਇਹ ਗੱਲ ਤੂੰ ਚੰਗੀ ਤਰ੍ਹਾਂ ਨਹੀਂ ਸਮਝ ਰਿਹਾ। ਜਿਸ ਆਦਮੀ ਦਾ ਅਜਿਹਾ ਭਵਿੱਖ ਹੁੰਦਾ ਹੈ, ਉਸ ਨੂੰ ਬਦਲਣਾ ਬਹੁਤ ਮੁਸ਼ਕਿਲ ਹੈ। - 5

ਚਿੱਤ ਨੂੰ ਖੁਸ਼ ਕਰਨ ਅਤੇ ਚੰਗੇ ਭਾਵ ਨਾਲ ਭਰਨ ਵਾਲੀ ਸਮਤਾ ਨੂੰ ਦਿਲ ਵਿੱਚ ਬਸਾ ਕੇ ਬਾਹਰਲੇ ਕਪਟ ਜਾਲ ਨੂੰ ਇਕੱਠਾ ਕਰ। ਤੇਰੀ ਜ਼ਿੰਦਗੀ ਬਹੁਤ ਥੋੜ੍ਹੀ ਹੈ। ਤੂੰ ਕਿਉਂ ਪੁਦਗਲ ਦੀ ਗੁਲਾਮੀ ਵਿੱਚ ਪਤਲਾ ਹੋਇਆ ਜਾ ਰਿਹਾ ਹੈਂ। - 6

ਅਨੁਪਮ ਤੀਰਥ ਸਰੀਖੇ ਅਤਿ ਸਿਮਰਣਯੋਗ ਸ਼ੁੱਧ ਚੇਤਨਾ ਵਾਲੇ ਜੋ ਤੇਰੇ ਅੰਦਰ ਬਿਰਾਜਮਾਨ ਹੈ, ਉਸ ਨੂੰ ਬਾਰ-ਬਾਰ ਆਪਣੀਆਂ ਯਾਦਾਂ ਦੇ ਝਰੋਖੇ ਵਿੱਚ ਲੈ ਆ। ਇਸ ਨਾਲ ਤੈਨੂੰ ਲੰਬੇ ਅਰਸੇ ਤੱਕ ਸੁੱਖ ਪ੍ਰਾਪਤ ਹੋਵੇਗਾ। - 7

ਪਾਰਬ੍ਰਹਮ ਦੇ ਪਰਮ ਸਾਧਨ ਰੂਪ ਉਦਾਸੀਨ ਭਾਵ ਜੋ ਕੇਵਲ ਗਿਆਨ ਨੂੰ ਉਜਾਗਰ ਕਰਦਾ ਹੈ, ਉਸ ਨੂੰ ਪ੍ਰਾਪਤ ਕਰਕੇ ਤੂੰ ਵਿਨੇ ਦੇ ਰਾਹੀਂ ਰਚੇ ਇਸ ਸ਼ਾਂਤਸੁਧਾ ਰਸ ਦਾ ਅੰਮ੍ਰਿਤਪਾਨ ਕਰ। - 8

# ਗ੍ਰੰਥ ਸਾਰ ਅਤੇ ਗੁਰੂ ਪਰੰਪਰਾ (ਸ਼ਲੋਕ)

ਇਸ ਤਰ੍ਹਾਂ ਦੀਆਂ ਚੰਗੀਆਂ ਭਾਵਨਾਵਾਂ ਦੀ ਖੁਸ਼ਬੂ ਨਾਲ ਭਰਿਆ ਹੋਇਆ ਜੀਵ ਆਤਮਾ ਸ਼ੰਕਾ ਰਹਿਤ ਹੋ ਕੇ ਆਤਮ ਤੱਤਵ ਦੇ ਚਿੰਤਨ ਤੋਂ ਮੋਹ, ਨੀਂਦ, ਮਮਤਾ ਆਦਿ ਨੂੰ ਛੇਤੀ ਦੂਰ ਕਰ ਦਿੰਦਾ ਹੈ। ਸੱਤਵਸ਼ੀਲ ਹੋ ਕੇ ਮਮਤਾ ਭਾਵ ਨੂੰ ਧਾਰਨ ਕਰਦਾ ਹੈ। ਅਨੁਪਮ ਅਤੇ ਸੌ-ਸੌ ਚੱਕਰਵਰਤੀਆਂ ਦੇ ਸੁੱਖ ਤੋਂ ਵੀ ਉਸ ਦੇ ਭਾਵਨਾ ਵਾਲੇ ਮਨ ਦਾ ਸੁੱਖ ਡੂੰਘਾ ਹੁੰਦਾ ਹੈ। ਉਸ ਸੁੱਖ ਨੂੰ ਚਹੁੰ ਪਾਸਿਓ ਪਸਾਰ ਕੇ ਆਪਣੇ ਯੱਸ਼ ਨੂੰ ਫੈਲਾਉਂਦਾ ਹੈ ਅਤੇ ਅੰਤ ਵਿੱਚ ਮੁਕਤੀ ਨੂੰ ਪ੍ਰਾਪਤ ਕਰ ਲੈਂਦਾ ਹੈ। - 1

ਜਿਸ ਭਾਵਨਾ ਦੇ ਸੁਭਾਅ ਨਾਲ ਦੁਰਧਿਆਨ ਰੂਪੀ ਪ੍ਰੇਤ ਪੀੜਾ ਜਰਾ ਵੀ ਪ੍ਰੇਸ਼ਾਨ ਨਹੀਂ ਕਰਦੀ, ਉਸ ਸੁੱਖ ਦੇ ਕਾਰਨ ਲਹਿਲਹਾਉਂਦੇ ਚਿੱਤ ਨੂੰ ਪ੍ਰਸੰਨਤਾ ਦਿੰਦੀ ਹੈ। ਤ੍ਰਿਪਤੀ ਦਾ ਅਪਾਰ ਦਰਿਆ ਚਹੁੰ-ਪਾਸੇ ਲਹਿਲਹਾਉਂਦਾ ਹੈ। ਜਿਸ ਦੇ ਅਸਰ ਨਾਲ ਰਾਗ-ਦਵੇਸ਼ ਆਦਿ ਦੁਸ਼ਮਣ ਨਸ਼ਟ ਹੋ ਜਾਂਦੇ ਹਨ ਅਤੇ ਆਤਮ ਰਿੱਧੀ ਸਹਿਜ ਰੂਪ ਤੋਂ ਪ੍ਰਾਪਤ ਹੋ ਜਾਂਦੀ ਹੈ। ਵਿਨੇ ਵਾਲਾ, ਨਿਰਮਲ ਸਾਫ ਬੁੱਧੀ ਵਾਲਾ ਹੋ ਕੇ ਤੁਸੀਂ ਇਨ੍ਹਾਂ ਭਾਵਨਾਵਾਂ ਦਾ ਧਿਆਨ ਕਰੋ। - 2

ਸ਼੍ਰੀ ਹੀਰ ਵਿਜੇਸੂਰੀ ਜੀ ਦੇ ਦੋ ਚੇਲੇ ਜੋ ਸਕੇ ਭਾਈ ਸਨ, ਉਹ ਸਨ ਸ਼੍ਰੀ ਸੋਮ ਵਿਜੇ ਜੀ, ਵਾਚਕ ਅਤੇ ਸ਼੍ਰੀ ਕੀਰਤੀ ਵਿਜੇ ਜੀ ਵਾਚਕ। - 3

ਉਹਨਾਂ ਵਿੱਚੋਂ ਸ਼੍ਰੀ ਕੀਰਤੀ ਵਿਜੇ ਵਾਚਕ ਦੇ ਚੇਲੇ ਉਪਾਧਿਆਇ ਵਿਨੇ ਵਿਜੇ ਜੀ ਨੇ ਇਸ **ਸ਼ਾਂਤਸੁਧਾ ਰਸ** ਨਾਉਂ ਦੇ ਇਸ ਭਾਵਨਾ ਭਰੇ ਗ੍ਰੰਥ ਦੀ ਰਚਨਾ ਕੀਤੀ ਹੈ। - 4

ਬਿਕਰਮ ਸੰਮਤ 1723 ਗੰਧਪੁਰ (ਗੰਧਾਰ) ਨਗਰ ਵਿੱਚ ਖੁਸ਼ੀ ਭਰੇ ਹਿਰਦੇ ਨਾਲ ਕੀਤਾ। ਇਹ ਕੋਸ਼ਿਸ਼ ਉਸ ਸਮੇਂ ਦੇ ਜੈਨ ਅਚਾਰਿਆ ਸ਼੍ਰੀ ਵਿਜੇ ਪ੍ਰਭ ਸੂਰੀਸ਼ਵਰ ਜੀ ਦੀ ਕ੍ਰਿਪਾ ਨਾਲ ਸਫ਼ਲ ਹੋਈ। - 5

ਜਿਵੇਂ ਚੰਦਰਮਾ 16 ਕਲਾਂ ਨਾਲ ਭਰਪੂਰ ਹੋ ਕੇ ਚਮਕਦਾ ਹੈ ਅਤੇ ਸ੍ਰਿਸ਼ਟੀ ਨੂੰ ਆਨੰਦ ਨਾਲ ਭਰਦਾ ਹੈ, ਉਸੇ ਤਰ੍ਹਾਂ 16 ਭਾਗਾਂ ਵਿੱਚ ਵੰਡਿਆ ਇਹ ਗ੍ਰੰਥ ਸਾਰਿਆਂ ਦਾ ਕਲਿਆਣ ਕਰਨ ਵਾਲਾ ਹੋਵੇ। - 6

ਜਦ ਤੱਕ ਇਸ ਸੰਸਾਰ ਵਿੱਚ ਸੂਰਜ ਤੇ ਚੰਦ ਦਿਖਾਈ ਦਿੰਦੇ ਹਨ ਤਦ ਤੱਕ ਸੱਜਣਾਂ ਦੇ ਮਨ ਨੂੰ ਇਹ ਸ਼ਾਂਤਸੁਧਾ ਰਸ ਗ੍ਰੰਥ ਖੁਸ਼ੀ ਦਿੰਦਾ ਰਹੇਗਾ ਅਤੇ ਮਨ ਨੂੰ ਸਥਿਰਤਾ ਦੇ ਰਾਹ ਦੀ ਪਗਡੰਡੀ ਦਿਖਾਉਂਦਾ ਰਹੇਗਾ। - 7

# ਅਨੁਵਾਦਕਾਂ ਦੀ ਕਲਮ ਤੋਂ

ਸ਼ਾਂਤਸੁਧਾ ਰਸ ਸੰਸਕ੍ਰਿਤ ਵਿੱਚ ਲਿਖਿਆ ਉਪਾਧਿਆਇ ਸ੍ਰੀ ਵਿਨੈ ਵਿਜੈ ਜੀ ਦੀ ਮਹੱਤਵਪੂਰਨ ਰਚਨਾ ਹੈ। ਇਸ ਵਿੱਚ ਆਪ ਨੇ ਆਤਮਾ ਦਾ ਕਲਿਆਣ ਕਰਨ ਵਾਲੀਆਂ 16 ਭਾਵਨਾਵਾਂ ਦਾ ਚਿੰਤਨ ਪੇਸ਼ ਕੀਤਾ ਹੈ। ਇਹ ਸ਼ਾਂਤਸੁਧਾ ਰਸ ਇੱਕ ਅਨੋਖੀ ਅਤੇ ਗਾਈ ਜਾਣ ਵਾਲੀ ਕਵਿਤਾ ਹੈ। ਇਸ ਲਘੂ ਰਚਨਾ ਦੀਆਂ 16 ਭਾਵਨਾਵਾਂ ਦੇ 16 ਪ੍ਰਕਰਣ ਹਨ ਜਿਸ ਨੂੰ ਸਲੋਕ ਅਤੇ ਗੀਤ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਤਿਆਗ ਮੂਰਤੀ ਉਪਾਧਿਆਇ ਸ੍ਰੀ ਵਿਨੈ ਵਿਜੈ ਜੀ ਨੇ ਸ਼ੁਭ ਭਾਵਨਾਵਾਂ ਨਾਲ ਇਹ ਗ੍ਰੰਥ ਸੰਸਾਰ ਦੇ ਅੱਗੇ ਪੇਸ਼ ਕੀਤਾ ਹੈ।

ਇਸ ਰਚਨਾ ਦੇ ਰਚਨਾਕਾਰ ਉਪਾਧਿਆਇ ਸ੍ਰੀ ਵਿਨੈ ਵਿਜੈ ਜੀ ਹਨ। ਆਪ ਦਾ ਜਨਮ ਵਿਕਰਮ ਸੰਮਤ 1661 ਨੂੰ ਮਾਤਾ ਰਾਜ ਸ੍ਰੀ ਅਤੇ ਪਿਤਾ ਤੇਜ ਪਾਲ ਦੇ ਘਰ ਹੋਇਆ ਅਤੇ ਆਪ ਦਾ ਦੇਵ ਲੋਕ ਵਿਕਰਮ ਸੰਮਤ 1738 ਨੂੰ ਰਾਂਦੇਰ ਵਿਖੇ ਹੋਇਆ। ਆਪ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਗੁਜਰਾਤੀ ਭਾਸ਼ਾ ਦੇ ਮਹਾਨ ਵਿਦਵਾਨ ਸਨ। ਆਪ ਨੇ ਆਪਣੀ ਜ਼ਿੰਦਗੀ ਵਿੱਚ 40 ਦੇ ਕਰੀਬ ਗ੍ਰੰਥਾਂ ਦੀ ਰਚਨਾ ਕੀਤੀ। ਆਪ ਨੇ ਲੋਕ-ਪ੍ਰਕਾਸ਼ ਜਿਹਾ ਵਿਸ਼ਾਲ ਗ੍ਰੰਥ ਸੰਸਕ੍ਰਿਤ ਸਾਹਿਤ ਨੂੰ ਦਿੱਤਾ। ਇਸ ਗ੍ਰੰਥ ਦੇ ਅੰਤ ਵਿੱਚ ਆਪ ਨੇ ਆਪਣੀ ਜਾਣਕਾਰੀ ਇਸ ਪ੍ਰਕਾਰ ਦਿੱਤੀ ਹੈ। ਆਚਾਰੀਆ ਸ੍ਰੀ ਹੀਰ ਵਿਜੈ ਦੇ ਦੋ ਚੇਲੇ ਸਨ। ਜੋ ਸਕੇ ਭਰਾ ਸਨ। ਉਨ੍ਹਾਂ ਦੇ ਨਾਮ ਸਨ ਵਾਚਕ ਸ੍ਰੀ ਸੋਮ ਵਿਜੈ ਜੀ ਅਤੇ ਵਾਚਕ ਸ੍ਰੀ ਕੀਰਤੀ ਵਿਜੈ ਜੀ। ਵਾਚਕ ਸ੍ਰੀ ਕੀਰਤੀ ਵਿਜੈ ਜੀ ਆਪ ਦੇ ਗੁਰੂ ਸਨ। ਇਸ ਗ੍ਰੰਥ ਦੀ ਰਚਨਾ ਸੰਮਤ 1723 ਨੂੰ ਗੰਧਪੁਰ (ਕਾਠਿਆਵਾੜ) ਵਿੱਚ ਸੰਪੂਰਨ ਹੋਈ, ਜੋ ਕਿ ਆਚਾਰੀਆ ਵਿਜੈ ਪ੍ਰਭਵ ਸੂਰੀ ਜੀ ਦੇ ਆਸ਼ੀਰਵਾਦ ਨਾਲ ਪੂਰੀ ਹੋਈ।

ਇਸ ਰਚਨਾ ਵਿੱਚ ਸਾਨੂੰ ਜਿਨ੍ਹਾਂ ਮਹਾਂਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਹੋਇਆ ਹੈ, ਉਹ ਹਨ ਸ਼੍ਰਮਣ ਸੰਘ ਦੇ ਚੌਥੇ ਪਟਧਰ ਜੈਨ ਆਚਾਰੀਆ

ਸਮਰਾਟ ਸ੍ਰੀ ਸ਼ਿਵ ਮੁਨੀ ਜੀ ਮਹਾਰਾਜ, ਗੱਛਾਧਿਪਤੀ ਅਚਾਰਿਆ ਸ੍ਰੀ ਨਿਤਯਾਨੰਦ ਸੂਰੀ ਜੀ ਮਹਾਰਾਜ, ਅਚਾਰਿਆ ਮਹਾਸ਼੍ਰਮਣ ਦੇ ਆਗਿਆਨੁਵਰਤੀ ਤਪੱਸਵੀ ਮੁਨੀ ਸ੍ਰੀ ਜੈ ਚੰਦ ਲਾਲ ਜੀ, ਜੈਨ ਜਯੋਤੀ ਜਿਨ ਸ਼ਾਸਨ ਪ੍ਰਭਾਵਿਕਾ ਸੰਥਾਰਾ ਸਾਧਿਕਾ ਸ੍ਰੀ ਸਵਰਣਕਾਂਤਾ ਜੀ ਮਹਾਰਾਜ ਦੀ ਪ੍ਰਮੁੱਖ ਸ਼ਿਸ਼ ਉਪ-ਪਰਵਰਤਨੀ ਸਾਧਵੀ ਸ੍ਰੀ ਸੁਧਾ ਜੀ ਮਹਾਰਾਜ। ਅਸੀਂ ਇਨ੍ਹਾਂ ਮਹਾਪੁਰਸ਼ਾਂ ਨੂੰ ਨਮਸਕਾਰ ਕਰਦੇ ਹਾਂ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਨ੍ਹਾਂ ਦਾ ਆਸ਼ੀਰਵਾਦ ਬਣਿਆ ਰਹੇਗਾ।

ਪੁਸਤਕ ਵਿੱਚ ਰਹਿ ਗਈਆਂ ਤਰੁੱਟੀਆਂ ਅਤੇ ਪਰੂਫ ਰੀਡਿੰਗ ਦੀਆਂ ਤਰੁੱਟੀਆਂ ਲਈ ਅਸੀਂ ਖਿਮਾ ਦੇ ਯਾਚਕ ਹਾਂ।

ਮਿਤੀ : 10 ਨਵੰਬਰ, 2012

ਸ਼ੁਭਚਿੰਤਕ

ਮੰਡੀ ਗੋਬਿੰਦਗੜ੍ਹ।

ਪੁਰਸ਼ੋਤਮ ਜੈਨ ਰਵਿੰਦਰ ਜੈਨ

ਪੰਜਾਬੀ ਜੈਨ ਲੇਖਕ

ਮਾਲੇਰਕੋਟਲਾ

# ਸਮਰਪਣ



ਧਰਮ ਭਰਾ ਸ਼੍ਰਮਣੋਪਾਸਕ
ਸ੍ਰੀ ਪਰਸ਼ੋਤਮ ਜੈਨ ਸਾਹਿਬ ਮੰਡੀ ਗੋਬਿੰਦਗੜ੍ਹ
ਨੂੰ ਜਨਮ ਦਿਨ ਦੇ ਸ਼ੁਭ ਮੌਕੇ ਤੇ
ਸ਼ਰਧਾ ਤੇ ਪ੍ਰੇਮ ਨਾਲ ਭੇਂਟ

**ਭੇਂਟ ਕਰਤਾ : ਰਵਿੰਦਰ ਜੈਨ**

10-11-2012